Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 210 | Tuesday, October 26, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਜੀ-20 ਆਗੂਆਂ ਦੀ ਸਿਖਰ ਵਾਰਤਾ ਵਿਚ ਹਿੱਸਾ ਲੈਣ ਲਈ ਯੂਰਪ ਜਾਣਗੇ ਟਰੂਡੋ

ਓਟਵਾ, 25 ਅਕਤੂਬਰ (ਪੋਸਟ ਬਿਊਰੋ) : ਇਸ ਹਫਤੇ ਦੇ ਅੰਤ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਇਟਲੀ ਤੇ ਸਕਾਟਲੈਂਡ ਵਿੱਚ ਹੋਣ ਜਾ ਰਹੀ ਜੀ-20 ਆਗੂਆਂ ਦੀ ਸਿਖਰ ਵਾਰਤਾ ਵਿੱਚ ਹਿੱਸਾ ਲੈਣ ਲਈ ਯੂਰਪ ਜਾਣਗੇ। ਇੱਥੇ ਟਰੂਡੋ ਕੈਨੇਡਾ ਦੇ ਕਲਾਈਮੇਟ ਚੇਂਜ ਤੇ ਮਹਾਂਮਾਰੀ ਤੋਂ ਬਾਅਦ ਤੇਜ਼ੀ ਨਾਲ ਕੈਨੇਡਾ ਵੱਲੋਂ ਕੀਤੀ ਗਈ ਰਿਕਵਰੀ ਬਾਰੇ ਹੋਰਨਾਂ ਆਗੂਆਂ ਨੂੰ ਜਾਣੂ ਕਰਵਾਉਣਗੇ।

ਟਰੂਡੋ ਦਾ ਇਹ ਛੇ ਰੋਜ਼ਾ ਦੌਰਾ ਨੀਦਰਲੈਂਡ ਦੇ ਸਰਕਾਰੀ ਦੌਰੇ ਨਾਲ ਤੇ ਡੱਚ ਪ੍ਰਧਾਨ ਮੰਤਰੀ ਮਾਰਕ ਰੱਟ ਨਾਲ ਮੀਟਿੰਗਜ਼ ਕਰਕੇ ਹੋਵੇਗਾ। ਇੱਥੋਂ ਉਹ ਜੀ-20 ਆਗੂਆਂ ਦੀ ਸਿਖਰ ਵਾਰਤਾ ਲਈ ਰੋਮ ਜਾਣਗੇ। ਮਹਾਂਮਾਰੀ ਤੋਂ ਬਾਅਦ ਦੁਨੀਆ ਦੇ ਸੱਭ ਤੋਂ ਵੱਡੇ ਅਰਥਚਾਰਿਆਂ ਦੇ ਆਗੂਆਂ ਦੀ ਇਹ ਪਹਿਲੀ ਇਨ ਪਰਸਨ ਮੀਟਿੰਗ ਹੋਵੇਗੀ।

ਇਸ ਦੌਰਾਨ ਕੋਵਿਡ-19 ਰਿਕਵਰੀ ਤੇ ਵੈਕਸੀਨ ਦੀ ਵੰਡ ਵਰਗੇ ਮੁੱਦੇ ਏਜੰਡੇ ਉੱਤੇ ਸੱਭ ਤੋਂ ਉੱਪਰ ਹੋਣਗੇ। ਇਸ ਦੇ ਨਾਲ ਹੀ ਕੈਨੇਡਾ ਸਮੇਤ ਦੁਨੀਆ ਦੇ ਸੱਭ ਤੋਂ ਅਮੀਰ ਮੁਲਕਾਂ ਉੱਤੇ ਇਹ ਦਬਾਅ



ਵੀ ਪਾਇਆ ਜਾ ਸਕਦਾ ਹੈ ਕਿ ਉਹ ਬਾਕੀ ਦੁਨੀਆ ਨੂੰ ਵੈਕਸੀਨੇਟ ਕਰਨ ਵਿੱਚ ਮਦਦ ਕਰਨ। ਜੀ-20 ਦਾ ਮੁੱਖ ਕੇਂਦਰ ਕਲਾਈਮੇਟ ਚੇਂਜ ਵੀ ਹੋਵੇਗਾ। ਜੀ-20 ਵਾਰਤਾ, ਸਕਾਟਲੈਂਡ ਵਿੱਚ ਕਲਾਈਮੇਟ ਬਾਰੇ ਸੰਯੁਕਤ ਰਾਸ਼ਟਰ ਦੀ ਸ਼ੁਰੂ ਹੋਣ ਵਾਲੀ ਗੱਲਬਾਤ ਤੋਂ ਠੀਕ ਪਹਿਲਾਂ ਹੋਣ ਜਾ ਰਹੀ ਹੈ। ਇਸ ਗੱਲਬਾਤ ਲਈ ਪਹਿਲੇ ਦੋ ਦਿਨ ਟਰੂਡੋ ਗਲਾਸਗੋਅ ਜਾਣਗੇ ਤੇ ਫਿਰ ਕੈਨੇਡਾ ਪਰਤਣਗੇ।

## ਟਰੂਡੋ ਨੇ ਵਰਚੂਅਲ ਸਿਖਰ ਵਾਰਤਾ ਦੌਰਾਨ ਆਸੀਆਨ ਮੁਲਕਾਂ ਨੂੰ ਮੁਕਤ ਵਪਾਰ ਸਮਝੌਤੇ ਦੀ ਕੀਤੀ ਪੇਸ਼ਕਸ਼

ਓਟਵਾ, 25 ਅਕਤੂਬਰ (ਪੋਸਟ ਬਿਊਰੋ) : ਐਤਵਾਰ ਨੂੰ ਸਾਊਥਈਸਟ ਆਸੀਅਨ ਦੇਸ਼ਾਂ ਨਾਲ ਕੀਤੀ ਗਈ ਵਰਚੂਅਲ ਬਿਜ਼ਨਸ ਸਿਖਰ ਵਾਰਤਾ ਵਿੱਚ ਟਰੂਡੋ ਨੇ ਮਹਾਂਮਾਰੀ ਕਾਰਨ ਸਪਲਾਈ ਚੇਨ ਵਿੱਚ ਪਏ ਵਿਘਣ ਦੀ ਦੁਹਾਈ ਦੇ ਕੇ ਇਨ੍ਹਾਂ ਦੇਸ਼ਾਂ ਨੂੰ ਮੁਕਤ ਵਪਾਰ ਸਮਝੌਤਾ ਸਿਰੇ ਚੜ੍ਹਾਉਣ ਦੀ ਪੇਸ਼ਕਸ਼ ਕੀਤੀ।

ਇਨ੍ਹਾਂ 10 ਦੇਸ਼ਾਂ, ਜਿਨ੍ਹਾਂ ਵਿੱਚ ਫਿਲੀਪੀਨਜ਼,ਇੰਡੋਨੇਸ਼ੀਆ, ਬਰੂਨੇਈ, ਸਿੰਗਾਪੁਰ, ਮਲੇਸ਼ੀਆ, ਥਾਈਲੈਂਡ,ਵੀਅਤਨਾਮ, ਲਾਓਸ, ਕੰਬੋਡੀਆ ਤੇ ਬਰਮਾ ਸ਼ਾਮਲ ਹਨ, ਨਾਲ ਟਰੂਡੋ ਲੰਮੇਂ ਸਮੇਂ ਤੋਂ ਟਰੇਡ ਡੀਲ ਕਰਨੀ ਚਾਹੁੰਦੇ ਹਨ। ਐਸੋਸਿਏਸ਼ਨ ਆਫ ਸਾਊਥਈਸਟ ਏਸੀਅਨ ਨੇਸਨਜ (ਆਸੀਆਨ) ਵੱਲੋਂ ਆਯੋਜਿਤ ਇਸ ਵਾਰਤਾ ਵਿੱਚ ਉਨ੍ਹਾਂ ਆਖਿਆ ਕਿ ਕੈਨੇਡਾ ਨਾਲ ਮੁਕਤ ਵਪਾਰ ਸਮਝੌਤਾ ਸਾਰੀਆਂ ਧਿਰਾਂ ਲਈ ਹੀ ਫਾਇਦੇ ਦਾ ਸੌਦਾ ਹੈ, ਖਾਸਤੌਰ ਉੱਤੇ ਉਸ ਸਮੇਂ ਜਦੋਂ ਅਸੀਂ ਮਹਾਂਮਾਰੀ ਵਿੱਚੋਂ ਬਾਹਰ ਆ ਰਹੇ ਹਾਂ।

ਪਹਿਲਾਂ ਤੋਂ ਰਿਕਾਰਡ ਕੀਤੇ ਗਏ ਸੁਨੇਹੇ ਵਿੱਚ ਟਰੂਡੋ ਨੇ ਆਖਿਆ ਕਿ ਆਸੀਆਨ ਨਾਲ ਕੀਤਾ ਜਾਣ ਵਾਲਾ ਸਮਝੌਤਾ ਕੰਪਨੀਆਂ ਤੇ ਕਾਰੋਬਾਰੀਆਂ ਨੂੰ ਸੰਪਰਕ ਕਾਇਮ ਕਰਨ ਤੇ ਦੁਨੀਆ ਭਰ ਵਿੱਚ ਨਵੇਂ ਕਾਰੋਬਾਰੀ ਰਿਸ਼ਤੇ ਸਥਾਪਿਤ ਕਰਨ ਵਿੱਚ ਮਦਦ ਕਰੇਗਾ। ਉਨ੍ਹਾਂ ਇਹ ਵੀ ਆਖਿਆ ਕਿ ਇਸ ਨਾਲ ਨਿਵੇਸ਼ਕਾਂ ਨੂੰ ਕੌਮਾਂਤਰੀ ਮਾਰਕਿਟਸ ਵਿੱਚ ਨਿਵੇਸ਼ ਕਰਨ ਦਾ ਹੌਸਲਾ ਵੀ ਹੋਵੇਗਾ ਤੇ ਵਿਸ਼ਵਾਸ ਵੀ ਆਵੇਗਾ। ਟਰੂਡੋ ਨੇ ਆਖਿਆ ਕਿ ਕੋਵਿਡ-19 ਕਾਰਨ ਪੈਦਾ ਹੋਈ ਅਸਥਿਰਤਾ ਤੋਂ ਵੀ ਇਹ ਸਪਲਾਈ ਚੇਨਜ਼ ਦੀ ਰੱਖਿਆ ਕਰੇਗਾ।

...ਬਾਕੀ ਪੰਨਾ 3 'ਤੇ

## ਮੁਲਾਜ਼ਮਾਂ ਦੀ ਬਿਹਤਰੀ ਲਈ ਫੋਰਡ ਸਰਕਾਰ ਲਿਆਵੇਗੀ ਰਾਈਟ ਟੂ ਡਿਸਕੁਨੈਕਟ ਬਿੱਲ : ਮੈਕਨੌਟਨ

ਓਨਟਾਰੀਓ, 25 ਅਕਤੂਬਰ (ਪੋਸਟ ਬਿਊਰੋ) : ਫੋਰਡ ਸਰਕਾਰ ਦਾ ਕਹਿਣਾ ਹੈ ਕਿ ਵਰਕਰਜ਼ ਦੀ ਹਿਫਾਜ਼ਤ ਲਈ ਹੋਰ ਕਾਨੂੰਨ ਜਲਦ ਪੇਸ਼ ਕੀਤੇ ਜਾਣਗੇ। ਇਸ ਵਾਰੀ ਸਰਕਾਰ ਰਾਈਟ ਟੂ ਡਿਸਕੁਨੈਕਟ ਬਿੱਲ ਪੇਸ਼ ਕਰਨ ਜਾ ਰਹੀ ਹੈ। ਜਿਸ ਤਹਿਤ ਛੁੱਟੀ ਉੱਤੇ ਗਏ ਵਰਕਰਜ਼ ਨੂੰ ਆਪਣੀਆਂ ਦਫਤਰੀ ਈਮੇਲਜ਼ ਦੀ ਚਿੰਤਾ ਨਹੀਂ ਕਰਨੀ ਹੋਵੇਗੀ।

ਲੇਬਰ ਮੰਤਰੀ ਮੌਂਟੀ ਮੈਕਨੌਟਨ ਨੇ ਆਖਿਆ ਕਿ ਉਹ ਰਾਈਟ ਟੂ ਡਿਸਕੁਨੈਕਟ ਬਿੱਲ ਪੇਸ਼ ਕਰਨਗੇ।



ਇਸ ਤਹਿਤ 25 ਜਾਂ ਇਸ ਤੋਂ ਵੱਧ ਮੁਲਾਜ਼ਮਾਂ ਵਾਲੀਆਂ ਓਨਟਾਰੀਓ ਦੀਆਂ ਕੰਪਨੀਆਂ ਨੂੰ ਅਜਿਹੀਆਂ ਪਾਲਸੀਆਂ ਵਿਕਸਤ ਕਰਨੀਆਂ ਹੋਣਗੀਆਂ ਜਿਸ ਤਹਿਤ ਛੁੱਟੀ ਉੱਤੇ ਗਏ ਮੁਲਾਜ਼ਮਾਂ ਨੂੰ ਕੰਮ ਲਈ ਤੰਗ ਪਰੇਸ਼ਾਨ ਨਾ ਕੀਤਾ ਜਾ ਸਕੇ

...ਬਾਕੀ ਪੰਨਾ 5 'ਤੇ

## ਟਰੈਵਲਰਜ਼ ਲਈ ਸੈਲਫ ਟੈਸਟਿੰਗ ਕਿੱਟ ਮੁਹੱਈਆ ਕਰਾਵੇਗੀ ਏਅਰ ਕੈਨੇਡਾ

ਓਟਵਾ, 25 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਟੈਸਟਿੰਗ ਲਈ ਕੈਨੇਡਾ ਦੀ ਸੱਭ ਤੋਂ ਵੱਡੀ ਏਅਰਲਾਈਨ ਇੱਕ ਨਵਾਂ ਬਦਲ ਪੇਸ਼ ਕਰਨ ਜਾ ਰਹੀ ਹੈ। ਅਜਿਹਾ ਸਫਰ ਦੌਰਾਨ ਕਲੀਨਿਕ ਦੀ ਲੋੜ ਨੂੰ ਖ਼ਤਮ ਕਰਨ ਲਈ ਕੀਤਾ ਜਾ ਰਿਹਾ ਹੈ।

ਸੋਮਵਾਰ ਨੂੰ ਏਅਰਲਾਈਨ ਨੇ ਐਲਾਨ ਕੀਤਾ ਕਿ ਉਹ ਪੋਰਟੇਬਲ ਐਂਟੀਜਨ ਟੈਸਟ ਕਿੱਟਸ ਤਿਆਰ ਕਰੇਗੀ, ਜਿਨ੍ਹਾਂ ਨੂੰ ਦੇਸ਼ ਛੱਡਣ ਸਮੇਂ ਯਾਤਰੀ ਖਰੀਦ ਕੇ ਆਪਣਾ ਕੋਵਿਡ-19 ਟੈਸਟ ਆਪ ਕਰ ਸਕਣਗੇ। ਕੰਪਨੀ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਕੈਨੇਡਾ ਸਰਕਾਰ ਦੀਆਂ ਕੋਵਿਡ-19 ਟੈਸਟ ਕਰਵਾਉਣ ਸਬੰਧੀ ਸ਼ਰਤਾਂ ਨੂੰ ਪੂਰਾ ਕਰਨ ਲਈ ਯਾਤਰੀ ਕੈਨੇਡਾ ਆਉਣ ਤੋਂ ਪਹਿਲਾਂ ਇਹ ਕਿੱਟਾਂ ਖਰੀਦ ਕੇ ਆਪਣਾ ਟੈਸਟ ਕਰ ਸਕਦੇ ਹਨ ਤੇ ਉਨ੍ਹਾਂ ਨੂੰ ਕੋਵਿਡ-19 ਟੈਸਟ ਕਰਵਾਉਣ ਲਈ ਕੋਈ ਕਲੀਨਿਕ ਲੱਭਣ ਦੀ ਲੋੜ ਵੀ ਨਹੀਂ ਹੋਵੇਗੀ।



ਇਹ ਟੈਸਟ ਸਵਿੱਚ ਹੈਲਥ ਵੱਲੋਂ ਟੈਲੀਹੈਲਥ ਪ੍ਰੋਫੈਸ਼ਨਲ ਦੀ ਰਿਮੋਟ ਨਿਗਰਾਨੀ ਹੇਠ ਕੀਤੇ ਜਾਣਗੇ ਤੇ ਇਨ੍ਹਾਂ ਦੀ ਇਲੈਕਟ੍ਰੌਨਿਕ ਰਿਪੋਰਟ ਵੀ ਨਾਲ ਦੀ ਨਾਲ ਯਾਤਰੀ ਨੂੰ ਮਿਲ ਜਾਵੇਗੀ ਜੋ ਉਨ੍ਹਾਂ ਦੇ ਟਰੈਵਲ ਵਿੱਚ ਕੰਮ ਆਵੇਗੀ। ਹਰੇਕ ਕਿੱਟ ਦੀ ਕੀਮਤ ਟੈਕਸ ਸਮੇਤ 149 ਡਾਲਰ ਹੋਵੇਗੀ ਤੇ ਐਰੋਪਲੇਨ ਮੈਂਬਰਜ਼ ਲਈ ਡਿਸਕਾਊਂਟ ਵੀ ਉਪਲਬਧ ਹੋਵੇਗਾ। ਇਹ ਐਲਾਨ ਉਸ ਸਮੇਂ ਆਇਆ ਹੈ ਜਦੋਂ ਕੈਨੇਡਾ ਮੁਕੰਮਲ ਵੈਕਸੀਨੇਸ਼ਨ ਵਾਲਿਆਂ ਨੂੰ ਕੌਮਾਂਤਰੀ ਟਰੈਵਲ ਸ਼ੁਰੂ ਕਰਨ ਦੀ ਇਜਾਜ਼ਤ ਤੇ ਪੈਨ ਕੈਨੇਡੀਅਨ ਵੈਕਸੀਨ ਪਾਸਪੋਰਟ ਸ਼ੁਰੂ ਕਰਨ ਤੇ ਗੈਰ ਜ਼ਰੂਰੀ ਟਰੈਵਲ ਤੋਂ ਪਾਬੰਦੀਆਂ ਹਟਾਉਣ ਜਾ ਰਿਹਾ ਹੈ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axcel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Business
- Life Insurance
- Auto
- Trucking
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axcel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL (Government Approved Licensed Technician)
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
ICCRC Raj Narang Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
- Disability Insurance
- Mortgage Insurance
- Life Insurance
- Visitor Insurance
- Travel Insurance
- RESP(Education Plan)
- Critical Illness Insurance

INSURANCE MART INSURANCE COMPANY
- Life Insurance
- Critical Illness
- Disability
- Super Visa
- Home and Auto Insurance
Gurdip Gill
(647)767-6665
gurdipgill1@hotmail.ca

Dubai Jewellers
Gift Prize with Every Purchase
- Repair at no extra cost
- Appraisal Certificate
- Buy, Sell, Trade
ਨਵੇਂ ਬਣੇ ਪਲਾਜ਼ਾ ਦੇ ਵਿਚ
Tuesday to Sunday (12-8) (Monday Closed)
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

## ਟਰੂਡੋ ਨੇ ਵਰਚੂਅਲ ਸਿਖਰ ਵਾਰਤਾ ਦੌਰਾਨ ਆਸੀਆਨ ਮੁਲਕਾਂ ਨੂੰ ਮੁਕਤ ਵਪਾਰ ਸਮਝੌਤੇ ਦੀ ਕੀਤੀ ਪੇਸ਼ਕਸ਼

...ਪੰਨਾ 1 ਦਾ ਬਾਕੀ

ਪ੍ਰਧਾਨ ਮੰਤਰੀ ਨੇ ਆਖਿਆ ਕਿ ਕੋਵਿਡ-19 ਨਾਲ ਹੁਣ ਅਸੀਂ ਜੰਗ ਜਿੱਤਣ ਵਾਲੇ ਹਾਂ, ਇਸ ਲਈ ਆਸੀਆਨ ਅਰਥਚਾਰਿਆਂ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤੀ ਦੇਣ ਨਾਲ ਤੇ ਏਸ਼ੀਆ-ਪੈਸੇਫਿਕ ਵਿੱਚ ਟਰੇਡ ਦੀ ਵੰਨ-ਸੁਵੰਨਤਾ ਨਾਲ ਸਾਡੀ ਰਿਕਵਰੀ ਸਹਿਜੇ ਤੇ ਸੁਖਾਲੇ ਢੰਗ ਨਾਲ ਹੋ ਸਕੇਗੀ। 10 ਦੇਸ਼ਾਂ ਦਾ ਇੱਕ ਬਲਾਕ ਭਾਵੇਂ ਕੈਨੇਡਾ ਦਾ ਛੇਵਾਂ ਸੱਭ ਤੋਂ ਵੱਡਾ ਟਰੇਡਿੰਗ ਭਾਈਵਾਲ ਹੈ ਪਰ ਕੈਨੇਡਾ ਦੀ ਅਜੇ ਤੱਕ ਇਸ ਬਲਾਕ ਦੇ ਸਿਰਫ ਚਾਰ ਮੈਂਬਰਾਂ-ਬਰੂਨੇਈ, ਮਲੇਸ਼ੀਆ, ਸਿੰਗਾਪੁਰ ਤੇ ਵੀਅਤਨਾਮ ਨਾਲ ਹੀ ਕਾਰੋਬਾਰੀ ਸਾਂਝ ਹੈ।

# ਟੈਕਸਸ ਦੇ ਘਰ ਵਿੱਚੋਂ ਇੱਕ ਬੱਚੇ ਦਾ ਪਿੰਜਰ ਤੇ 3 ਜਿਉਂਦੇ ਬੱਚੇ ਮਿਲੇ

ਹਿਊਸਟਨ, 25 ਅਕਤੂਬਰ (ਪੋਸਟ ਬਿਊਰੋ) : ਹਿਊਸਟਨ ਇਲਾਕੇ ਦੇ ਇੱਕ ਅਪਾਰਟਮੈਂਟ ਵਿੱਚੋਂ ਇੱਕ ਬੱਚੇ ਦਾ ਪਿੰਜਰ ਤੇ ਤਿੰਨ ਜਿਊਂਦੇ ਬੱਚੇ ਮਿਲੇ ਹਨ, ਜਿਨ੍ਹਾਂ ਨੂੰ ਉੱਥੇ ਇੱਕਲਿਆਂ ਛੱਡਿਆ ਗਿਆ ਜਾਪਦਾ ਸੀ। ਇਹ ਜਾਣਕਾਰੀ ਸ਼ੈਰਿਫ ਨੇ ਦਿੱਤੀ।

ਬੱਚਿਆਂ ਵਿੱਚੋਂ 15 ਸਾਲ ਦੇ ਬੱਚੇ ਨੇ ਐਤਵਾਰ ਦੁਪਹਿਰ ਨੂੰ ਹੈਰਿਸ ਕਾਊਂਟੀ ਸ਼ੈਰਿਫ ਦੇ ਆਫਿਸ ਫੋਨ ਕਰਕੇ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਦੇ 9 ਸਾਲਾ ਭਰਾ ਨੂੰ ਮਰਿਆਂ ਇੱਕ ਸਾਲ ਦਾ ਸਮਾਂ ਹੋ ਗਿਆ ਹੈ ਤੇ ਉਸ ਦੀ ਲਾਸ਼ ਅਪਾਰਟਮੈਂਟ ਵਿੱਚ ਹੀ ਪਈ ਹੈ। ਇੱਕ ਬਿਆਨ ਜਾਰੀ ਕਰਕੇ ਆਫਿਸ ਨੇ ਇਹ ਜਾਣਕਾਰੀ ਦਿੱਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੈਰਿਸ ਕਾਊਂਟੀ ਸ਼ੈਰਿਫ ਐਡ ਗੌਂਜਾਲੇਜ਼ ਨੇ ਆਖਿਆ ਕਿ ਡਿਪਟੀਜ਼ ਤੁਰੰਤ ਮੌਕੇ ਉੱਤੇ ਪਹੁੰਚੇ ਤੇ ਉਨ੍ਹਾਂ ਉਸ



ਟੀਨੇਜਰ ਤੇ ਉਸ ਦੇ ਦੋ ਹੋਰ ਭੈਣ ਭਰਾਵਾਂ ਨੂੰ ਅਪਾਰਟਮੈਂਟ ਵਿੱਚ ਇੱਕਲਿਆਂ ਰਹਿੰਦਿਆਂ ਪਾਇਆ। ਇੱਕ ਬੱਚੇ ਦਾ ਪਿੰਜਰ ਵੀ ਉਨ੍ਹਾਂ ਨੂੰ ਉੱਥੇ ਮਿਲਿਆ।

ਗੌਜ਼ਾਲੇਜ਼ ਨੇ ਆਖਿਆ ਕਿ ਇੰਜ ਲੱਗ ਰਿਹਾ ਸੀ ਕਿ ਉਸ ਬੱਚੇ ਦਾ ਪਿੰਜਰ ਲੰਮੇਂ ਸਮੇਂ ਤੋਂ ਇੱਥੇ ਹੀ ਪਿਆ ਸੀ। ਸ਼ੈਰਿਫ ਨੇ ਆਖਿਆ ਕਿ ਇੰਜ ਲੱਗ ਰਿਹਾ ਸੀ ਕਿ ਇਸ ਬੱਚੇ ਆਪ ਹੀ ਕਿਸੇ ਤਰ੍ਹਾਂ ਜੂਨ ਗੁਜ਼ਾਰਾ ਕਰ ਰਹੇ ਸਨ ਤੇ ਸੱਭ ਤੋਂ ਵੱਡਾ ਭਰਾ ਆਪਣੇ ਬਾਕੀ ਭੈਣ ਭਰਾਵਾਂ ਦੀ ਸਾਂਭ ਸੰਭਾਲ ਕਰ ਰਿਹਾ ਸੀ। ਇਹ ਵੀ ਪਤਾ ਨਹੀਂ ਲੱਗਿਆ ਹੈ ਕਿ ਇਹ ਬੱਚੇ ਕਿਸੇ ਸਕੂਲ ਜਾਂਦੇ ਸਨ ਜਾਂ ਨਹੀਂ।

ਬਿਆਨ ਵਿੱਚ ਆਖਿਆ ਗਿਆ ਕਿ ਸੱਭ ਤੋਂ ਨਿੱਕਾ ਬੱਚਾ ਕੁਪੋਸ਼ਣ ਦਾ ਸ਼ਿਕਾਰ ਸੀ ਤੇ ਉਸ ਦੇ ਸ਼ਰੀਰਕ ਸੱਟਾਂ ਵੀ ਲੱਗੀਆਂ ਹੋਈਆਂ ਸਨ। ਤਿੰਨਾਂ ਬੱਚਿਆਂ ਨੂੰ ਸਿਹਤ ਸਬੰਧੀ ਮੁਕੰਮਲ ਜਾਂਚ ਲਈ ਹਸਪਤਾਲ ਲਿਜਾਇਆ ਗਿਆ। ਬੱਚਿਆਂ ਦੀ ਮਾਂ ਆਪਣੇ ਬੁਆਇਫਰੈਂਡ ਨਾਲ ਬਾਅਦ ਵਿੱਚ ਮਿਲੀ। ਦੋਵਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।


REXDALE BODY SHOP

USED CAR SALE



CHEEMA

Specialization In:

★ All Kinds of Body Work
★ Auto Glass Windshield
★ Denting, Painting & Welding

SPECIAL PAINT JOB $779

RENTAL CAR PROVIDED



ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

25 years of Canadian Experience

OPEN MON - SAT 9AM TO 7PM

LOWEST PRICE IN TOWN

Call Rick or Manminder Cheema: 416.749.9596 /416.951.6431

Towing Service Car Paint Starts $799*upto 100% Deductible Paid*

30 Racine Rd. Toronto, ON, M9W 2Z3, FAX: 416.749.9597

www.AAABODYSHOP.ca

mcheemaaaa@hotmail.com



ਬੇਸਮੈਂਟਸ ਕਿਰਾਏ ਲਈ ਖਾਲੀ

ਗੋਰ ਰੋਡ ਅਤੇ ਕੰਟਰੀਸਾਈਡ ਦੇ ਏਰੀਏ ਵਿਚ ਇਕ ਬੇਸਮੈਂਟ ਦੋ ਬੈਡਰੂਮ ਦੀ ਅਤੇ ਇਕ ਬੇਸਮੈਂਟ ਇਕ ਬੈਡਰੂਮ ਦੀ ਕਰਾਏ ਲਈ ਖਾਲੀ ਹੈ। ਸੈਪਰੇਟ ਕਿਚਨ ਸੈਪਰੇਟ ਫੁਲ ਵਾਸਰੂਮ, ਸ਼ਿਅਰਡ ਲਾਂਡਰੀ। ਸਿਰਫ ਫੈਮਲੀ ਵਾਲੇ ਅਤੇ ਨੋਨ ਸਮੋਕਰ ਅਤੇ ਨੋ ਪੈਟਸ ਵਾਲੇ ਹੀ ਕਾਲ ਕਰਨ।

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:

416-305-9864


## ਗੋਲੀ ਚੱਲਣ ਦੇ 6 ਮਾਮਲਿਆਂ ਵਿੱਚ 3 ਵਿਅਕਤੀਆਂ ਦੀ ਗਈ ਜਾਨ, ਪੁਲਿਸ ਕਰ ਰਹੀ ਹੈ ਜਾਂਚ

ਟੋਰਾਂਟੋ, 25 ਅਕਤੂਬਰ (ਪੋਸਟ ਬਿਊਰੋ) : ਵੀਕੈਂਡ ਉੱਤੇ ਵਾਪਰੀਆਂ ਗੋਲੀ ਚੱਲਣ ਦੀਆਂ ਛੇ ਘਟਨਾਵਾਂ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਇਨ੍ਹਾਂ ਵਿੱਚੋਂ ਤਿੰਨ ਗੋਲੀਕਾਂਡ ਵਿੱਚ ਲੋਕਾਂ ਦੀ ਜਾਨ ਵੀ ਗਈ। ਜਾਂਚਕਾਰਾਂ ਨੇ ਦੱਸਿਆ ਕਿ 28 ਸਾਲਾ ਕਮਲ ਡੈਲੇ ਨੂੰ ਸ਼ਨਿੱਚਰਵਾਰ ਰਾਤੀਂ 12:30 ਵਜੇ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਜਦਕਿ ਇਸ ਤੋਂ ਦੋ ਘੰਟੇ ਪਹਿਲਾਂ ਇੱਕ ਹੋਰ ਵਿਅਕਤੀ ਦੀ ਗੋਲੀ ਲੱਗਣ ਕਾਰਨ ਮੌਤ ਹੋਈ ਸੀ। ਐਗਲਿੰਟਨ ਐਵਨਿਊ ਵੈਸਟ ਦੇ ਪਲਾਜ਼ਾ ਪਾਰਕਿੰਗ ਲੌਟ ਵਿੱਚ ਰਾਤੀਂ 3:30 ਵਜੇ ਚੱਲੀ ਗੋਲੀ ਕਾਰਨ ਇੱਕ ਹੋਰ ਵਿਅਕਤੀ ਦੀ ਮੌਤ ਹੋ ਗਈ। ਇਸ ਵਿਅਕਤੀ ਦੀ ਪਛਾਣ ਟੋਰਾਂਟੋ ਦੇ 36 ਸਾਲਾ ਡੌਨਲਡ ਲੈਰੌਏ ਸਮੋਕੀ ਮਾਰਸਨ ਵਜੋਂ ਹੋਈ। ਮਸ਼ਕੂਕਾਂ ਦੇ ਸਬੰਧ ਵਿੱਚ ਕੋਈ ਜਾਣਕਾਰੀ ਨਹੀਂ ਹਾਸਲ ਹੋਈ ਹੈ। ਪੁਲਿਸ ਨੇ ਦੱਸਿਆ ਕਿ ਐਤਵਾਰ ਸਵੇਰੇ ਇੱਕ ਵੱਖਰੇ ਮਾਮਲੇ ਵਿੱਚ ਇੱਕ ਟੀਨੇਜਰ ਲੜਕਾ ਗੋਲੀ ਲੱਗਣ ਕਾਰਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।


Great Invetsment Opportunity

In The Region of Timminis,ON


8 ACRE OF lAND CAN BE SEVERD IN TWO LOTS OF 4 ACRE

Apartment Building For Sale:

4 units 3 bedroom | 2 units 1 bedroom | 1 unit bachelor








For More Details Call: 416-970-5005/647-242-8667





Jas Toor

Sales Repersentative

Sutton Group-Realty Experts

Brokerage*

Jagdish Grewal

Sales Repersentative

President Realty Inc.

Brokerage*



# ਬੀ ਐੱਸ ਐੱਫ ਦਾ ਅਧਿਕਾਰ ਖੇਤਰ ਵਧਾਉਣ ਵਿਰੁੱਧ ਪੰਜਾਬ ਦੀ ਆਲ ਪਾਰਟੀ ਮੀਟਿੰਗ ਕਾਮਯਾਬ

* ਭਾਜਪਾ ਤੋਂ ਬਿਨਾਂ ਸਾਰੀਆਂ ਪਾਰਟੀਆਂ ਇੱਕਮੁੱਠ * ਚੰਨੀ ਨੇ ਕਿਹਾ: ਪੰਜਾਬ ਦੇ ਹਿੱਤਾਂ ਲਈ ਹਰ ਅਹੁਦਾ ਕੁਰਬਾਨ ਕਰਾਂਗੇ * ਆਪ ਪਾਰਟੀ ਤੇ ਅਕਾਲੀਆਂ ਵੱਲੋਂ ਚੰਨੀ ਸਰਕਾਰ ਦੀ ਨੁਕਤਾਚੀਨੀ

ਚੰਡੀਗੜ੍ਹ, 25 ਅਕਤੂਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂਬਾਰਡਰ ਸਕਿਓਰਿਟੀ ਫੋਰਸ (ਬੀ ਐੱਸ ਐੱਫ) ਦਾ ਅਧਿਕਾਰ ਖੇਤਰ ਕੌਮਾਂਤਰੀ ਸਰਹੱਦ ਤੋਂ 15 ਕਿਲੋਮੀਟਰ ਦੀ ਥਾ ਵਧਾ ਕੇ 50 ਕਿਲੋਮੀਟਰ ਕਰਨ ਦੇ ਵਿਰੁੱਧ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂਬੁਲਾਈ ਸਰਬ ਪਾਰਟੀ ਮੀਟਿੰਗ ਸਫਲ ਰਹੀ ਹੈ। ਇਸ ਵਿੱਚ ਭਾਰਤੀ ਜਨਤਾ ਪਾਰਟੀ ਤੋਂ ਬਿਨਾਂ ਲਗਭਗ ਸਾਰੀਆਂ ਪਾਰਟੀਆਂ ਸ਼ਾਮਲ ਹੋਈਆਂ ਹਨ।

ਸਰਬ ਪਾਰਟੀ ਮੀਟਿੰਗ ਦੇ ਬਾਅਦ ਪ੍ਰੈਸ ਕਾਨਫਰੰਸ ਵਿੱਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਅੱਜ ਦੀ ਇਹ ਮੀਟਿੰਗ ਬੇਹੱਦ ਸੁਖਾਵੇਂ ਮਾਹੌਲ ਵਿਚ ਹੋਈਅਤੇਸਭ ਪਾਰਟੀਆਂ ਨੇ ਸਾਂਝਾ ਮਤਾ ਪਾਸ ਕੀਤਾ ਹੈ ਕਿਭਾਵੇਂ ਕੋਈ ਵੀ ਅਹੁਦਾ ਕੁਰਬਾਨ ਕਰਨਾ ਪਵੇ, ਪੰਜਾਬ ਦੇ ਹਿੱਤਾਂ ਦਾ ਨੁਕਸਾਨ ਨਹੀਂ ਹੋਣ ਦੇਵਾਂਗੇ।ਸਰਬ ਪਾਰਟੀ ਮਤੇ ਮੁਤਾਬਕਬੀ ਐੱਸ ਐੱਫ ਦਾ ਅਧਿਕਾਰ ਖੇਤਰ ਵਧਾਉਣ ਦੇ ਨੋਟੀਫਿਕੇਸ਼ਨ ਅਤੇ ਭਾਰਤ ਸਰਕਾਰ ਦੇ 3 ਵਿਵਾਦਤ ਖੇਤੀ ਕਾਨੂੰਨਾਂ ਨੂੰ ਪੰਜਾਬ ਵਿਚ ਰੱਦ ਕਰਨ ਲਈ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾਵੇਗਾ ਤੇ ਜੇ ਲੋੜ ਪਈ ਤਾਂ ਸੱਤਿਆਗ੍ਰਹਿ ਵੀ ਕੀਤਾ ਜਾਵੇਗਾ ਤੇ ਸੁਪਰੀਮ ਕੋਰਟ ਵੀ ਪਹੁੰਚਿਆ ਜਾਵੇਗਾ। ਉਨ੍ਹਾ ਕਿਹਾ ਕਿ ਉਹ ਕੇਂਦਰ ਸਰਕਾਰ ਨੂੰ ਅਪੀਲ ਕਰਦੇ ਹਨ ਕਿ ਉਹ ਸਿਰਫ਼ ਦੇਸ਼ ਦੀਆਂ ਸਰਹੱਦਾਂ ਬਾਰੇ ਸੋਚੇ, ਪੰਜਾਬ ਆਪਣੇ ਹਿੱਤਾਂ ਦੀ ਰਾਖੀ ਕਰਨਾ ਜਾਣਦਾ ਹੈ ਤੇ ਰਾਜ ਸਰਕਾਰ ਕੋਲ ਹਰ ਵਸੀਲਾ ਹੈ, ਕੇਂਦਰ ਸਰਕਾਰ ਬੀ ਐੱਸ ਐੱਫ ਦੀ ਆੜ ਵਿੱਚ ਪੰਜਾਬ ਵਿੱਚ ਦਖਲਅੰਦਾਜ਼ੀ ਨਾ ਕਰੇ।



ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂਪੰਜਾਬ ਦੀ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕੇਂਦਰ ਸਰਕਾਰ ਬੀ ਐੱਸ ਐੱਫ ਦਾ ਅਧਿਕਾਰ ਖੇਤਰ ਵਧਾਉਣ ਨਾਲ ਰਾਜਸੀ ਸਵਾਰਥਾਂ ਲਈ ਬੀ ਐੱਸ ਐੱਫ ਦੀ ਵਰਤੋਂ ਕਰ ਕੇ ਫੈਡਰਲ ਢਾਂਚੇ ਨੂੰ ਕਮਜ਼ੋਰ ਕਰ ਰਹੀ ਹੈ। ਉਨ੍ਹਾਂ ਪੁੱਛਿਆ ਕਿਇਹਹਰ ਵਾਰ ਕਿਉਂ ਹੁੰਦਾ ਹੈ ਕਿ ਚੋਣਾਂ ਆਉਣ ਤੋਂ ਪਹਿਲਾਂ ਹੀਪੰਜਾਬਦਾ ਮਾਹੌਲ ਖਰਾਬ ਹੋਣ ਦਾ ਜ਼ਿਕਰ ਕੀਤਾ ਜਾਂਦਾ ਹੈ। ਸਿੱਧੂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਅੱਧਾ ਪੰਜਾਬ ਬੀ ਐੱਸ ਐੱਫ ਨੂੰ ਸੌਂਪ ਕੇ ਅਸਿੱਧੇ ਤੌਰ ਉੱਤੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਹੈ ਅਤੇ ਇਸ ਤਰ੍ਹਾਂ ਪੰਜਾਬ ਦੇ ਅੰਦਰ ਹੀ ਦੂਸਰਾ ਰਾਜ ਬਣਾਉਣ ਦੀ ਕੇਂਦਰ ਸਰਕਾਰ ਵੱਲੋਂ ਕੋਝੀ ਸਾਜਿਸ਼ ਕੀਤੀ ਜਾ ਰਹੀ ਹੈ।

ਅੱਜ ਦੀ ਸਰਬ ਪਾਰਟੀ ਬੈਠਕ ਵਿੱਚ ਕਾਂਗਰਸ, ਅਕਾਲੀ ਦਲ, ਆਮ ਆਦਮੀ ਪਾਰਟੀ ਤੇ ਲੋਕ ਇਨਸਾਫ ਪਾਰਟੀ ਸਮੇਤ ਕਈ ਪਾਰਟੀਆਂ ਦੇ ਆਗੂ ਸ਼ਾਮਲ ਸਨ, ਪਰ ਭਾਜਪਾ ਨੇ ਬੈਠਕ ਦਾ ਬਾਈਕਾਟ ਕੀਤਾ ਸੀ।ਕਾਂਗਰਸ ਵੱਲੋਂ ਨਵਜੋਤ ਸਿੰਘ ਸਿੱਧੂ, ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਆਮ ਆਦਮੀ ਪਾਰਟੀ ਵੱਲੋਂ ਅਮਨ ਅਰੋੜਾ ਅਤੇ ਅਕਾਲੀ ਦਲ ਵੱਲੋਂ ਡਾ. ਦਲਜੀਤ ਸਿੰਘ ਚੀਮਾ ਅਤੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਬੈਠਕ ਵਿੱਚਆਏ ਸਨ।ਦੂਸਰੇ ਪਾਸੇ ਭਾਜਪਾ ਦੇ ਸਾਬਕਾ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਨੇ ਕਿਹਾ ਕਿ ਪਹਿਲਾਂ ਬੀ ਐੱਸ ਐੱਫ ਕੋਲ 15 ਕਿੱਲੋਮੀਟਰ ਤੱਕ ਖੇਤਰ ਸੀ ਤਾਂ ਕਿਸੇ ਨੂੰ ਪਰੇਸ਼ਾਨੀ ਨਹੀਂ ਹੋਈ ਅਤੇਸਰਹੱਦ ਪਾਰੋਂ ਹਥਿਆਰ ਤੇ ਨਸ਼ਾ ਆਉਂਦਾ ਰਿਹਾ, ਪਰ ਜਦੋਂਬੀ ਐੱਸ ਐੱਫ ਦਾ ਘੇਰਾ ਵਧਾਇਆ ਹੈ ਤਾਂ ਸਿਆਸੀ ਪਾਰਟੀਆਂ ਨੂੰ ਔਖ ਹੋ ਰਹੀ ਹੈ।

ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੇ ਪੰਜਾਬ ਦੀ ਚਰਨਜੀਤ ਸਿੰਘ ਚੰਨੀ ਸਰਕਾਰ ਉੱਤੇ ਦੋਸ਼ ਲਾਇਆ ਕਿ ਇਸ ਨੇ ਪੰਜਾਬ ਨੂੰ ਕੇਂਦਰ ਕੋਲ ਗਹਿਣੇ ਰੱਖ ਦਿੱਤਾ ਹੈ, ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਕੇਂਦਰੀ ਅਮਿਤ ਸ਼ਾਹ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਬੈਠਕ ਤੋਂ ਬਾਅਦ ਬੀ ਐੱਸ ਐੱਫ ਦੇ ਅਧਿਕਾਰਾਂ ਵਿੱਚ ਵਾਧਾ ਕਰ ਕੇ ਅੱਧਾ ਪੰਜਾਬ ਆਪਣੇ ਹਵਾਲੇ ਕਰ ਲਿਆ ਹੈ।ਸਰਬ ਪਾਰਟੀ ਮੀਟਿੰਗ ਤੋਂ ਬਾਅਦ ਭਗਵੰਤ ਮਾਨ ਨੇ ਪ੍ਰੈੱਸ ਕਾਨਫ਼ਰੰਸ ਵਿੱਚਕਿਹਾ, 'ਐਨ ਆਈ ਏ ਐਕਟ ਅਤੇ ਬੀ ਐਸ ਐਫ ਐਕਟ ਦੀ ਧਾਰਾ 139 ਦੀ ਕਲਾਜ 2 ਹੇਠ ਪਿਛਲੀ ਮਨਮੋਹਨ ਸਿੰਘ ਸਰਕਾਰ ਵੇਲੇ ਉਦੋਂ ਦੇ ਕਾਂਗਰਸੀ ਗ੍ਰਹਿ ਮੰਤਰੀ ਪੀ. ਚਿਦੰਬਰਮ ਇਹੋ ਮਤਾ ਲੈ ਕੇ ਆਏ ਸਨ ਤਾਂ ਅੱਜ ਕਾਂਗਰਸ ਕਿਸ ਮੂੰਹ ਨਾਲ ਇਸ ਦਾ ਵਿਰੋਧ ਕਰਦੀ ਹੈ। ਉਨ੍ਹਾਂ ਨੇ ਬਾਦਲ ਪਰਿਵਾਰ ਨੂੰਵੀ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਜਦੋਂ ਇਹ ਐਕਟ ਬਣਾਏ ਗਏ, ਓਦੋਂ ਪੰਜਾਬ ਵਿੱਚ ਅਕਾਲੀ-ਭਾਜਪਾ ਸਾਂਝੀ ਸਰਕਾਰ ਸੀ, ਪਰ ਬਾਦਲਾਂ ਦੀ ਸਰਕਾਰ ਨੇ ਇਨ੍ਹਾਂ ਐਕਟਾਂ ਦਾ ਵਿਰੋਧ ਨਹੀਂ ਕੀਤਾ ਸੀਤੇ ਇਸ ਬਾਰੇ ਕੇਂਦਰ ਸਰਕਾਰਵੱਲੋਂਭੇਜੇ 5 ਪੱਤਰਾਂ ਦਾ ਜਵਾਬ ਦੇਣਾ ਵੀ ਜ਼ਰੂਰੀ ਨਹੀਂ ਸੀ ਸਮਝਿਆ ਅਤੇ ਅੱਜ ਵਿਰੋਧ ਕਰਨ ਦਾ ਡਰਾਮਾ ਕੀਤਾ ਜਾ ਰਿਹਾ ਹੈ। ਇਸ ਮੌਕੇਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਅਤੇ ਵਿਧਾਇਕ ਅਮਨ ਅਰੋੜਾ ਵੀ ਭਗਵੰਤ ਮਾਨ ਦੇ ਨਾਲ ਸਨ।

## ਅੱਜ ਨਾਮਾ

ਮੁੱਦਾ ਬਾਰਡਰ ਦੀ ਫੋਰਸ ਦਾ ਚੁੱਕ ਵੱਡਾ,
ਰਾਜਸੀ ਲੀਡਰ ਇਕੱਠੇ ਸਨ ਹੋਏ ਮੀਆਂ।
ਆਪਸ ਵਿੱਚ ਵਖਰੇਵੇਂ ਹਨ ਬਹੁਤ ਭਾਵੇਂ,
ਤੇ ਉਹ ਜਾਂਦੇ ਨਹੀਂ ਕਦੀ ਲੁਕੋਏ ਮੀਆਂ।
ਲੱਗਦਾ ਇੱਕ ਹੈ ਪੁੱਟਣ ਕੁਝ ਪੈਰ ਕਿਧਰੇ,
ਦੂਸਰੇ ਤੁਰਨਗੇ ਪੁੱਟਣ ਲਈ ਟੋਏ ਮੀਆਂ।
ਜਦ ਵੀ ਦੇਖੀਏ, ਝਗੜਦੇ ਮਿਲਣਗੇ ਈ,
ਆਹਮੋ-ਸਾਹਮਣੇ ਦਿੱਸਣ ਖੜੋਏ ਮੀਆਂ।
ਮੁੱਦਾ ਬਾਰਡਰ ਦਾ ਆਉਣ 'ਤੇ ਜੁੜੇ ਸਾਰੇ,
ਸਹਿਮਤੀ ਸਾਰਿਆਂ ਦੀ ਸੁਣੀ ਹੋਈ ਮੀਆਂ।
ਏਦਾਂ ਬਾਕੀ ਵੀ ਸਾਰਿਆਂ ਮਸਲਿਆਂ ਲਈ,
ਕਰੇ ਪਹਿਲ ਕੁਝ ਮਿਲਣ ਦੀ ਕੋਈ ਮੀਆਂ।

**ਤੀਸ ਮਾਰ ਖਾਂ**

# ਬਰਗਾੜੀ ਬੇਅਦਬੀ ਕੇਸ: ਗੁਰਮੀਤ ਰਾਮ ਰਹੀਮ ਨੂੰ 29 ਅਕਤੂਬਰ ਨੂੰ ਫਰੀਦਕੋਟ ਅਦਾਲਤ ਵਿੱਚ ਪੇਸ਼ੀ ਦਾ ਹੁਕਮ

ਫਰੀਦਕੋਟ, 25 ਅਕਤੂਬਰ, (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੇ ਵਕਤ 1 ਜੂਨ 2015 ਨੂੰ ਬੁਰਜ ਜਵਾਹਰ ਸਿੰਘ ਵਾਲਾ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਣ ਦੇ ਕੇਸ ਦੀ ਜਾਂਚ ਕਰਨ ਲਈ ਐੱਸਪੀਐਸ ਪਰਮਾਰ ਆਈਜੀ,ਬਾਰਡਰ ਰੇਂਜ ਅਤੇ ਡਾ: ਰਜਿੰਦਰ ਸਿੰਘ ਸੋਹਲ ਏਆਈਜੀ ਦੀ ਅਗਵਾਈ ਹੇਠ ਬਣੀ ਵਿਸ਼ੇਸ਼ ਜਾਂਚ ਟੀਮ(ਐੱਸਆਈਟੀ)ਨੇਥਾਣਾ ਬਾਜਾਖਾਨਾ ਵਿਖੇ ਦਰਜ ਕੇਸ ਨੰਬਰ 63 ਵਿੱਚ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਾਜਿਸ਼ ਰਚਣ ਦੇ ਦੋਸ਼ ਹੇਠ ਨਾਮਜਦ ਕੀਤਾ ਹੋਇਆ ਹੈ।

ਅੱਜ ਇਸ ਐਸਆਈ ਟੀ ਨੇ ਜੁਡੀਸ਼ਲ ਜੱਜ ਮਿਸ ਤਰਜਨੀ ਦੀ ਅਦਾਲਤ ਵਿੱਚ ਅਰਜ਼ੀ ਦੇ ਕੇ ਡੇਰਾ ਸਿਰਸਾ ਦੇ ਮੁਖੀ ਨੂੰ ਪ੍ਰੋਡਕਸ਼ਨ ਵਰੰਟ ਉੱਤੇ ਲਿਆਉਣ ਦੀ ਇਜਾਜ਼ਤ ਮੰਗੀ ਸੀ। ਅਦਾਲਤ ਨੇ ਰਾਮ ਰਹੀਮ ਸਿੰਘ ਨੂੰ 29 ਅਕਤੂਬਰ ਨੂੰ ਪ੍ਰੋਡਕਸ਼ਨ ਵਰੰਟ ਉੱਤੇ ਲਿਆਉਣ ਅਤੇ ਅਦਾਲਤ ਪੇਸ਼ੀ ਦੀ ਆਗਿਆ ਦੇ ਦਿੱਤੀ ਹੈ।ਪਹਿਲਾਂ



ਆਈ ਜੀ ਕੁੰਵਰਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਵਾਲੀ ਐਸਆਈਟੀ ਨੇ ਹਰਿਆਣਾ ਦੇ ਰੋਹਤਕ ਦੀ ਸੁਨਾਰੀਆ ਜੇਲ ਵਿੱਚਡੇਰਾ ਸਿਰਸਾ ਦੇ ਮੁਖੀ ਤੋਂ ਪੁੱਛਗਿੱਛ ਲਈ ਅਦਾਲਤ ਤੋਂ ਪ੍ਰਵਾਨਗੀ ਲਈ ਸੀ, ਪਰ ਅਦਾਲਤੀ ਹੁਕਮ ਦੇ ਬਾਵਜੂਦ ਉਸ ਟੀਮ ਨੂੰ ਪੁੱਛਗਿੱਛ ਨਹੀਂ ਕਰਨ ਦਿੱਤੀ ਗਈ ਸੀ। ਅੱਜ ਐੱਸਆਈ ਟੀ ਵਲੋਂ ਇੰਸਪੈਕਟਰ ਦਲਬੀਰ ਸਿੰਘ ਸਿੱਧੂ ਤੇ ਇੰਸਪੈਕਟਰ ਇਕਬਾਲ ਹੁਸੈਨ ਦੀ ਅਗਵਾਈ ਵਿੱਚ ਪੁੱਜੀ ਟੀਮ ਨੇ ਜਿਲਾ ਅਟਾਰਨੀ ਪੰਕਜ ਤਨੇਜਾ ਰਾਹੀਂ ਅਦਾਲਤ ਨੂੰ ਅਰਜੀ ਦਿੱਤੀ ਤਾਂ ਸੋਚ ਵਿਚਾਰ ਤੋਂ ਬਾਅਦ ਅਦਾਲਤ ਨੇ ਪ੍ਰੋਡਕਸ਼ਨ ਵਰੰਟ ਜਾਰੀ ਕਰ ਦਿੱਤੇ ਹਨ, ਜਿਸ ਨਾਲ ਮਾਮਲਾ ਗੰਭੀਰ ਹੋ ਗਿਆ ਹੈ।

# ਅਮਰਿੰਦਰ ਨੇ ਆਰੂਸਾ ਦੀਆਂ 15 ਫੋਟੋ ਜਾਰੀ ਕਰ ਕੇ ਪੁੱਛਿਆ: ਕੌਣ ਹੈ 'ਆਈ ਐੱਸ ਆਈ' ਦਾ ਏਜੰਟ

ਚੰਡੀਗੜ੍ਹ, 25 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੀ ਸਿਆਸਤ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਪਾਕਿਸਤਾਨੀਦੋਸਤਆਰੂਸਾ ਆਲਮ ਬਾਰੇ ਭਖੀਹੋਈ ਸਿਆਸਤ ਅੱਜ ਹੋਰ ਵੀ ਅੱਗੇ ਵਧ ਗਈ ਹੈ।

ਪਿਛਲੇ ਦਿਨੀਂ ਪੰਜਾਬ ਦੇ ਮੰਤਰੀਆਂ ਅਤੇ ਵਿਰੋਧੀ ਧਿਰਾਂਦੇ ਕੁਝ ਆਗੂਆਂ ਨੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਪਾਕਿਸਤਾਨੀ ਪੱਤਰਕਾਰਦੋਸਤ ਆਰੂਸਾ ਆਲਮ ਨਾਲ ਤਸਵੀਰਾਂ ਨੂੰ ਉਛਾਲਿਆ ਤੇਉਸਦੇ ਬਹਾਨੇਅਮਰਿੰਦਰ ਸਿੰਘ ਨੂੰਆਈ ਐੱਸ ਆਈ ਦਾ ਏਜੰਟ ਤੱਕ ਕਿਹਾ ਸੀ।ਪੰਜਾਬ ਦੇ ਇਸ ਰਾਜਨੀਤਕ ਮਾਹੌਲ ਵਿੱਚ ਅੱਜ ਓਦੋਂ ਨਵਾਂ ਮੋੜ ਆ ਗਿਆ, ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਆਰੂਸਾ ਆਲਮ ਦੀਆਂ ਕੁਝ ਫੋਟੋ ਪੇਸ਼ ਕਰ ਕੇ ਪੁੱਛਿਆ ਕਿ 'ਦੱਸੋ ਕੌਣ ਆਈ ਐੱਸ ਆਈ ਏਜੰਟ ਹੈ।' ਕੈਪਟਨ ਅਮਰਿੰਦਰ ਸਿੰਘ ਵੱਲੋਂਫੇਸਬੁੱਕ ਉੱਤੇ ਜਾਰੀ ਇਨ੍ਹਾਂ 15 ਫੋਟੋਜ਼ ਦੀ ਲਿਸਟ ਵੀ ਜਾਰੀ ਕੀਤੀ ਗਈ ਹੈ, ਜਿਨ੍ਹਾਂਵਿੱਚ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਤੋਂ ਲੈ ਕੇ ਭਾਜਪਾ ਅਤੇ ਸਮਾਜਵਾਦੀ ਪਾਰਟੀ ਦੇ



ਉਚ ਆਗੂਆਂ ਤੇ ਬਾਲੀਵੁੱਡ ਦੇ ਸਮੇਤ ਕਈ ਵੱਡੀਆਂ ਹਸਤੀਆਂ ਦਿਖਾਈ ਦੇ ਰਹੀਆਂ ਹਨ।ਕੈਪਟਨ ਅਮਰਿੰਦਰ ਸਿੰਘ ਨੇ ਇਹ ਫੋਟੋ ਜਾਰੀ ਕਰਕੇ ਵਿਰੋਧੀਆਂ ਨੂੰ ਸਵਾਲ ਕੀਤਾ ਕਿ ਅੱਜ ਦੱਸੋ ਕਿ ਕੌਣ ਆਈ ਐੱਸ ਆਈ ਦਾ ਏਜੰਟ ਹੈ। ਉਨ੍ਹਾਂ ਨੇ ਆਪਣੀ ਪੋਸਟ ਵਿੱਚ ਕਿਹਾ ਹੈ, 'ਮੈਂ ਸ੍ਰੀਮਤੀ ਆਰੂਸਾ ਆਲਮ ਦੀਆਂ ਵੱਖ-ਵੱਖ ਪਤਵੰਤੇ ਸੱਜਣਾਂ ਨਾਲ ਫੋਟੋਜ਼ ਦੀ ਲੜੀ ਸ਼ੇਅਰ ਕਰ ਰਿਹਾ ਹਾਂ। ਮੈਨੂੰ ਲਗਦਾ ਹੈ ਕਿ ਆਈ ਐੱਸ ਆਈ ਦੇ ਏਜੰਟਉਹ ਸਾਰੇ ਵੀ ਹਨ।ਏਦਾਂ ਕਹਿਣ ਵਾਲਿਆਂ ਨੂੰ ਬੋਲਣ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ।ਇਹ ਸਭ ਸਿਰਫ਼ ਤੰਗ ਮਾਨਸਿਕਤਾ ਦਾ ਪ੍ਰਗਟਾਵਾ ਸੀ।'

ਇਸ ਦੌਰਾਨ ਪਤਾ ਲੱਗਾ ਹੈ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਵੰਬਰ ਵਿੱਚ ਨਵੀਂ ਪਾਰਟੀ ਦਾ ਐਲਾਨ ਕਰਨਗੇਤੇ ਜਿਸ ਦੇ ਲਈ ਉਹ ਅੱਜਕੱਲ੍ਹ ਤਿਆਰੀਆਂ ਵਿੱਚ ਰੁੱਝੇ ਹੋਏ ਹਨ। ਉਨ੍ਹਾਂ ਨੇ ਖੁਲਾਸਾ ਕਰ ਦਿੱਤਾ ਹੈ ਕਿ ਭਵਿੱਖ ਵਿੱਚ ਉਨ੍ਹਾਂ ਦੇ ਸਹਿਯੋਗੀ ਕਿਹੜੀ ਪਾਰਟੀ ਹੋ ਸਕਦੀ ਹੈ, ਜਿਸ ਮੁਤਾਬਕ ਭਾਜਪਾ ਨਾਲ ਉਨ੍ਹਾਂ ਦਾ ਗਠਜੋੜ ਪੱਕਾ ਹੋਵੇਗਾ। ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਲਈ ਕਿਸਾਨੀ ਮੁੱਦਾ ਅਹਿਮ ਹੈ, ਜਿਸ ਦੇ ਹੱਲ ਤੋਂ ਬਗੈਰ ਭਾਜਪਾ ਨਾਲ ਗੱਠਜੋੜ ਨਹੀਂ ਕਰਨਗੇ। ਆਪਣੇ ਅਧਿਕਾਰਤ ਫੇਸਬੁੱਕ ਪੇਜ ਉੱਤੇਅਮਰਿੰਦਰ ਸਿੰਘ ਨੇ ਲਿਖਿਆ ਹੈ ਕਿ ਕੇਂਦਰ ਨੂੰ ਪਹਿਲਾਂ ਕਿਸਾਨੀ ਸਮੱਸਿਆ ਹੱਲ ਕਰਨੀ ਚਾਹੀਦੀ ਹੈ, ਉਸ ਤੋਂ ਬਾਅਦ ਭਾਜਪਾ ਨਾਲ ਸਮਝੌਤੇਬਾਰੇ ਸੋਚਾਂਗੇ।

# ਸਿੰਘੂ ਬਾਰਡਰ ਕਤਲ ਕੇਸ: ਲਖਬੀਰ ਸਿੰਘ ਦੇ ਵਾਰਸਾਂ ਵੱਲੋਂ ਇਨਸਾਫ ਲਈ ਐੱਸ.ਸੀ. ਕਮਿਸ਼ਨ ਦੇ ਮੁਖੀ ਨਾਲ ਮੁਲਾਕਾਤ

ਤਰਨ ਤਾਰਨ, 25 ਅਕਤੂਬਰ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਦੇ ਸਿੰਘੂ ਬਾਰਡਰ ਉੱਤੇ ਕਤਲ ਕੀਤੇ ਗਏ ਅਨੁਸੂਚਿਤ ਜਾਤੀ ਦੇ ਨੌਜਵਾਨ ਲਖਬੀਰ ਸਿੰਘ ਦੇ ਪਰਿਵਾਰ ਦਾ ਵਫ਼ਦ ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਦੀ ਅਗਵਾਈ ਹੇਠ ਅੱਜ ਸੋਮਵਾਰ ਭਾਰਤ ਦੇ ਅਨੁਸੂਚਿਤ ਜਾਤੀਆਂ ਬਾਰੇ ਕੌਮੀ ਕਮਿਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਨੂੰ ਮਿਲਿਆ। ਵਫ਼ਦ ਵਿਚ ਮ੍ਰਿਤਕ ਲਖਬੀਰ ਸਿੰਘ ਦੀ ਪਤਨੀ ਜਸਪ੍ਰੀਤ ਕੌਰ, ਭੈਣ ਰਾਜ ਕੌਰ, ਮ੍ਰਿਤਕ ਦੀਆਂ 3 ਧੀਆਂ ਅਤੇ ਪਰਿਵਾਰ ਦੇ ਹੋਰ ਮੈਂਬਰ ਸ਼ਾਮਲ ਸਨ, ਜਿਨ੍ਹਾਂ ਨੇ ਕਮਿਸ਼ਨ ਦੇ ਮੁਖੀ ਕੋਲ ਇਸ ਕਤਲ ਦੇ ਸੰਬੰਧ ਵਿੱਚ ਆਪਣੀ ਚਿੰਤਾ ਅਤੇ ਦੁੱਖ ਪ੍ਰਗਟ ਕਰ ਕੇ ਇਨਸਾਫ ਦੀ ਮੰਗ ਕੀਤੀ ਹੈ।



ਇਸ ਬਾਰੇ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਮ੍ਰਿਤਕ ਲਖਬੀਰ ਸਿੰਘ ਦਾ ਪਰਿਵਾਰ ਏਥੇ ਲਿਆਂਦਾ ਗਿਆ ਹੈ, ਕਿਉਂਕਿ ਉਨ੍ਹਾਂ ਦੀ ਕਿਸੇ ਨੇ ਕੋਈ ਆਰਥਿਕ, ਕਾਨੂੰਨੀ ਜਾਂ ਹੋਰ ਮਦਦ ਨਹੀਂ ਕੀਤੀ, ਪਰਿਵਾਰ ਦੇ ਇਕਲੌਤੇ ਕਮਾਊ ਜੀਅ ਦੇ ਦੇਹਾਂਤ ਕਾਰਨ ਪਰਿਵਾਰ ਦਾ ਗੁਜ਼ਾਰਾ ਵੀ ਔਖਾ ਹੋ ਗਿਆ ਹੈ। ਕੈਂਥ ਨੇ ਕਿਹਾ ਕਿ ਮ੍ਰਿਤਕ ਲਖਬੀਰ ਸਿੰਘ ਦੇ ਸਸਕਾਰ ਸਮੇਂ ਪਰਿਵਾਰ ਨੂੰ ਅਰਦਾਸ ਵੀ ਨਹੀਂ ਕਰਨ ਦਿੱਤੀ ਗਈਤੇ ਉਸ ਦੀ ਲਾਸ਼ ਨੂੰ ਬਿਨਾਂ ਕਿਸੇ ਮਰਿਆਦਾ ਦੇ ਡੀਜ਼ਲ ਪਾ ਕੇ ਪਲਾਸਟਿਕ ਦੇ ਥੈਲੇ ਵਿਚ ਸਾੜਿਆ ਗਿਆ। ਉਨ੍ਹਾ ਕਿਹਾ ਕਿ ਕਥਿਤ ਬੇਅਦਬੀ ਦੇ ਕੇਸ ਦਾ ਫੈਸਲਾ ਕਾਨੂੰਨੀ ਜਾਂਚ ਪਿੱਛੋਂ ਹੋਵੇਗਾ, ਪਰਜੁਰਮ ਦੇ ਦੋਸ਼ੀ ਸਖਤ ਸਜ਼ਾ ਦੇ ਹੱਕਦਾਰ ਹਨ।ਉਨ੍ਹਾਂ ਮੰਗ ਕੀਤੀ ਕਿ ਸਰਕਾਰ ਇਸ ਪਰਿਵਾਰ ਨੂੰ ਬਣਦਾ ਮੁਆਵਜ਼ਾ ਦੇਵੇ ਅਤੇ ਉਸ ਦੀਆਂ ਤਿੰਨ ਧੀਆਂ ਦੀ ਪੜ੍ਹਾਈ ਦਾ ਪ੍ਰਬੰਧ ਕਰੇ।

# ਕਰੂਜ਼ ਡਰੱਗ ਕੇਸ: ਐੱਨ ਸੀ ਬੀ ਦੇ ਜ਼ੋਨਲ ਡਾਇਰੈਕਟਰ ਵਾਨਖੇੜੇ ਵਿਰੁੱਧ ਭ੍ਰਿਸ਼ਟਾਚਾਰ ਦੀ ਜਾਂਚ ਦੇ ਹੁਕਮ ਦੋ ਥਾਂਈਂ ਜਾਰੀ

ਨਵੀਂ ਦਿੱਲੀ, 25 ਅਕਤੂਬਰ, (ਪੋਸਟ ਬਿਊਰੋ)- ਪਿਛਲੇ ਦਿਨੀਂ ਸਮੁੰਦਰ ਵਿੱਚ ਜਾਂਦੇ ਇੱਕ ਕਰੂਜ਼ ਉੱਤੇ ਮਾਰੇ ਛਾਪੇ ਦੇ ਵਕਤ ਫਿਲਮ ਐਕਟਰ ਸ਼ਾਹਰੁਖ ਖਾਨ ਦੇ ਪੁੱਤਰ ਆਰੀਅਨ ਦੀ ਗ੍ਰਿਫਤਾਰੀ ਵਾਲੇ ਕੇਸ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣ ਪਿੱਛੋਂ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ ਸੀ ਬੀ)ਦੇ ਜ਼ੋਨਲ ਡਾਇਰੈਕਟਰ ਸਮੀਰ ਵਾਨਖੇੜੇ ਅੱਜ ਵਿਸ਼ੇਸ਼ ਐੱਨ ਸੀ ਬੀ ਅਦਾਲਤ ਵਿੱਚ ਪੇਸ਼ ਹੋਏ ਅਤੇ ਜੱਜ ਨੂੰ ਕਿਹਾ ਕਿ ਉਸ ਉੱਤੇ ਲੱਗੇ ਸਾਰੇ ਦੋਸ਼ ਝੂਠੇ ਹਨ ਤੇ ਉਹ ਜਾਂਚ ਲਈ ਤਿਆਰ ਹਨ। ਇਸ ਮਾਮਲੇ ਵਿੱਚ ਸਮੀਰ ਵਾਨਖੇੜੇ ਦੇ ਖਿਲਾਫ ਜਾਂਚ ਦੇ ਆਦੇਸ਼ ਜਾਰੀ ਹੋ ਗਏ ਹਨ। ਇਸ ਦੌਰਾਨ ਕਾਂਗਰਸ ਨੇਤਾ ਅਤੇ ਮਹਾਰਾਸ਼ਟਰ ਸਰਕਾਰ ਵਿੱਚ ਮੰਤਰੀ ਨਵਾਬ ਮਲਿਕ ਦੇ ਦੋਸ਼ਾਂ ਦੇ ਜਵਾਬ ਵਿੱਚਸਮੀਰ ਵਾਨਖੇੜੇ ਨੇ ਕਿਹਾ, 'ਮੈਂ ਬਹੁ-ਧਾਰਮਿਕ ਤੇ ਧਰਮ ਨਿਰਪੱਖ ਪਰਿਵਾਰ ਨਾਲ ਸਬੰਧ ਰੱਖਦਾ ਹਾਂ। ਮੇਰੇ ਪਿਤਾ ਹਿੰਦੂ ਹਨ ਤੇ ਮੇਰੀ ਮਾਂ ਮੁਸਲਮਾਨ ਸੀ। ਟਵਿੱਟਰ ਉੱਤੇ ਮੇਰੇ ਨਿੱਜੀ ਦਸਤਾਵੇਜ਼ ਸ਼ੇਅਰ ਕਰਨਾ ਮਾਣਹਾਨੀ ਤੇ ਮੇਰੀ ਪਰਿਵਾਰਕ ਪ੍ਰਾਈਵੇਸੀ ਦੀ ਉਲੰਘਣਾ ਹੈ।' ਦੂਸਰੇ ਪਾਸੇ ਡਾਇਰੈਕਟਰ ਜਨਰਲਐੱਨਸੀ ਬੀ ਗਿਆਨੇਸ਼ਵਰ ਸਿੰਘ ਨੇ ਵਾਨਖੇੜੇ ਨੂੰ ਅਹੁਦੇ ਤੋਂ ਹਟਾਉਣ ਦੇ ਸਵਾਲ ਉੱਤੇਕਿਹਾ, 'ਆਜ਼ਾਦ ਗਵਾਹ ਦੇ ਐਫੀਡੇਵਿਟ ਰਾਹੀਂ ਸੋਸ਼ਲ ਮੀਡੀਆ ਉੱਤੇਰੱਖੇ ਤੱਥਾਂਦੀ ਜਾਂਚ ਲਈ ਵਿਜੀਲੈਂਸ ਨੂੰ ਆਦੇਸ਼ ਦੇ ਦਿੱਤੇ ਗਏ ਹਨ ਤੇ ਸਬੂਤਾਂ ਮੁਤਾਬਕ ਕਾਰਵਾਈ ਹੋਵੇਗੀ। ਆਰੀਅਨ ਖਾਨ ਡਰੱਗਕੇਸ ਦੀ ਜਾਂਚ ਕਰਦੇ ਜ਼ੋਨਲ ਡਾਇਰੈਕਟਰ ਸਮੀਰ ਵਾਨਖੇੜੇ ਨੇ ਬੀਤੇਦਿਨੀਂ ਮੁੰਬਈ ਦੇ ਪੁਲਿਸ ਕਮਿਸ਼ਨਰ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਮੈਨੂੰ ਝੂਠੇ ਕੇਸ ਵਿੱਚ ਫਸਾਉਣ ਵਾਲੀ ਸਾਜ਼ਿਸ਼ ਹੋ ਰਹੀ ਹੈ ਤੇ ਕੁਝ ਅਣਪਛਾਤੇ ਲੋਕ ਮੇਰੇ ਵਿਰੁੱਧ ਕਾਰਵਾਈ ਕਰ ਸਕਦੇ ਹਨ।













# ਜ਼ਬਰਦਸਤੀ ਮਹਿਲਾ ਦਾ ਹਿਜਾਬ ਉਤਾਰਨ ਵਾਲੀ ਔਰਤ ਨੂੰ ਕੀਤਾ ਗਿਆ ਗ੍ਰਿਫਤਾਰ

ਓਟਵਾ, 25 ਅਕਤੂਬਰ (ਪੋਸਟ ਬਿਊਰੋ) : ਇਸ ਮਹੀਨੇ ਦੇ ਸ਼ੁਰੂ ਵਿੱਚ ਜ਼ਬਰਦਸਤੀ ਇੱਕ ਮਹਿਲਾ ਨੂੰ ਆਪਣਾ ਹਿਜਾਬ ਉਤਾਰਨ ਲਈ ਮਜਬੂਰ ਕਰਨ ਵਾਲੀ ਇੱਕ 62 ਸਾਲਾ ਮਹਿਲਾ ਨੂੰ ਓਟਵਾ ਪੁਲਿਸ ਵੱਲੋਂ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ 6 ਅਕਤੂਬਰ ਨੂੰ ਇੱਕ ਮਹਿਲਾ ਸੈਰ ਕਰ ਰਹੀ ਸੀ ਜਦੋਂ ਇੱਕ ਅਣਪਛਾਤੀ ਮਹਿਲਾ ਨੇ ਉਸ ਉੱਤੇ ਹਮਲਾ ਕਰ ਦਿੱਤਾ ਤੇ ਜ਼ਬਰਦਸਤੀ ਉਸ ਦਾ ਹਿਜਾਬ ਉਤਾਰ ਦਿੱਤਾ। ਫਿਰ ਮਸ਼ਕੂਕ ਪੈਦਲ ਹੀ ਉੱਥੋਂ ਫਰਾਰ ਹੋ ਗਈ।ਪੁਲਿਸ ਨੇ ਦੱਸਿਆ ਕਿ ਉਹ ਉਸ ਸਮੇਂ ਮਸ਼ਕੂਕ ਨੂੰ ਲੋਕੇਟ ਕਰਨ ਵਿੱਚ ਅਸਫਲ ਰਹੀ ਪਰ ਉਸ ਦੀ ਪਛਾਣ ਕਰ ਲਈ ਗਈ।

ਉਨ੍ਹਾਂ ਦੱਸਿਆ ਕਿ ਓਟਵਾ ਦੀ ਇੱਕ 62 ਸਾਲਾ ਮਹਿਲਾ, ਜਿਸ ਨੂੰ ਪਹਿਲਾਂ ਹੀ ਇੱਕ ਮਾਮਲੇ ਵਿੱਚ ਨਜ਼ਰਬੰਦ ਕੀਤਾ ਜਾ ਚੁੱਕਿਆ ਹੈ, ਨੂੰ ਨਫਰਤ ਭਰੇ ਇਸ ਹਮਲੇ ਤੇ ਨਫਰਤ ਭਰੀ ਸ਼ਰਾਰਤ ਕਰਨ ਬਦਲੇ ਚਾਰਜ ਕੀਤਾ ਗਿਆ। ਉਸ ਨੂੰ ਮੰਗਲਵਾਰ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ।



ਨਿਊਜ਼ ਰਲੀਜ਼ ਵਿੱਚ ਆਖਿਆ ਗਿਆ ਕਿ ਓਟਵਾ ਪੁਲਿਸ ਦੀ ਹੇਟ ਕ੍ਰਾਈਮ ਪ੍ਰਤੀ ਸਹਿਣਸ਼ੀਲਤਾ ਸਿਫਰ ਹੈ। ਜੇ ਕੋਈ ਇਸ ਤਰ੍ਹਾਂ ਦਾ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਓਟਵਾ ਪੁਲਿਸ ਉਸ ਦੀ ਮੁਕੰਮਲ ਜਾਂਚ ਕਰਦੀ ਹੈ।

# ਮੁਲਾਜ਼ਮਾਂ ਦੀ ਬਿਹਤਰੀ ਲਈ ਫੋਰਡ ਸਰਕਾਰ ਲਿਆਵੇਗੀ ਰਾਈਟ ਟੂ ਡਿਸਕੁਨੈਕਟ ਬਿੱਲ : ਮੈਕਨੌਟਨ

...ਪੰਨਾ 1 ਦਾ ਬਾਕੀ

ਤਾਂ ਕਿ ਉਹ ਆਪਣੀ ਮੈਂਟਲ ਹੈਲਥ ਦਾ ਖਿਆਲ ਰੱਖਦਿਆਂ ਹੋਇਆਂ ਆਪਣੇ ਪਰਿਵਾਰ ਨਾਲ ਵੀ ਪੂਰਾ ਸਮਾਂ ਬਿਤਾਅ ਸਕਣ।

ਇਸ ਕਾਨੂੰਨ ਤਹਿਤ ਕੰਪਨੀਆਂ ਨੂੰ ਅਜਿਹੀਆਂ ਨੀਤੀਆਂ ਅਪਨਾਉਣੀਆਂ ਪੈਣਗੀਆਂ ਜਿਨ੍ਹਾਂ ਤਹਿਤ ਉਹ ਛੁੱਟੀ ਉੱਤੇ ਗਏ ਮੁਲਾਜ਼ਮਾਂ ਨੂੰ ਦਫਤਰੀ ਈਮੇਲਜ਼ ਦਾ ਜਵਾਬ ਦੇਣ ਲਈ ਨਾ ਕਹਿਣ ਤੇ ਛੁੱਟੀ ਉੱਤੇ ਗਏ ਮੁਲਾਜ਼ਮਾਂ ਨੂੰ ਆਊਟ ਆਫ ਆਫਿਸ ਨੋਟੀਫਿਕੇਸ਼ਨ ਆਨ ਕਰਨ ਲਈ ਦਬਾਅ ਨਾ ਪਾਉਣ ਆਦਿ।ਸਰਕਾਰ ਨੇ ਆਖਿਆ ਕਿ ਇਸ ਪ੍ਰਸਤਾਵਿਤ ਬਿੱਲ ਦਾ ਨਾਂ "ਵਰਕਿੰਗ ਫੌਰ ਵਰਕਰਜ਼ ਐਕਟ" ਹੋਵੇਗਾ।ਇਸ ਤਹਿਤ ਇੰਪਲੌਇਰਜ਼ ਨੂੰ ਨੌਨ ਕੰਪੀਟ ਅਗਰੀਮੈਂਟ ਦੀ ਵਰਤੋਂ ਨਾ ਕਰਨ ਲਈ ਵੀ ਆਖਿਆ ਜਾਵੇਗਾ। ਇਸ ਤਰ੍ਹਾਂ ਦੇ ਕਾਂਟਰੈਕਟਸ ਅਕਸਰ ਇੰਪਲੌਈਜ਼ ਨੂੰ ਕੋਈ ਕੰਪਨੀ ਛੱਡਣ ਤੋਂ ਬਾਅਦ ਉਸ ਖੇਤਰ ਦੀ ਹੀ ਕਿਸੇ ਹੋਰ ਕੰਪਨੀ ਵਿੱਚ ਕੋਈ ਕੰਮ ਸਵੀਕਾਰਨ ਤੋਂ ਰੋਕਦੇ ਹਨ। ਇਸ ਮਹੀਨੇ ਦੇ ਸ਼ੁਰੂ ਵਿੱਚ ਵਰਕਰਜ਼ ਦੀ ਹਿਫਾਜ਼ਤ ਲਈ ਐਲਾਨੇ ਗਏ ਹੋਰ ਨੁਕਤਿਆਂ, ਜਿਨ੍ਹਾਂ ਵਿੱਚ ਕੌਮਾਂਤਰੀ ਪੱਧਰ ਉੱਤੇ ਸਿਖਲਾਈ ਪ੍ਰਾਪਤ ਵਰਕਰਜ਼ ਲਈ ਅੜਿੱਕੇ ਹਟਾਉਣਾ ਤੇ ਡਲਿਵਰੀ ਡਰਾਈਵਰਾਂ ਲਈ ਵਾਸ਼ਰੂਮ ਤੱਕ ਪਹੁੰਚ ਲਾਜ਼ਮੀ ਕਰਨਾ, ਨੂੰ ਵੀ ਇਸ ਕਾਨੂੰਨ ਵਿੱਚ ਸ਼ਾਮਲ ਕੀਤਾ ਜਾਵੇਗਾ।

# ਘਰੇਲੂ ਝਗੜੇ ਕਾਰਨ ਰੌਜਰਜ਼ ਦਾ ਭਵਿੱਖ ਖਤਰੇ ਵਿੱਚ

ਟੋਰਾਂਟੋ, 25 ਅਕਤੂਬਰ (ਪੋਸਟ ਬਿਊਰੋ) : ਇਹ ਸਪਸ਼ਟ ਨਹੀਂ ਹੋ ਪਾ ਰਿਹਾ ਹੈ ਕਿ ਰੌਜਰਜ਼ ਕਮਿਊਨਿਕੇਸ਼ਨ ਇਨਕਾਰਪੋਰੇਸ਼ਨ ਦਾ ਇੰਚਾਰਜ ਕੌਣ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇਸ ਟੈਲੀਕੌਮਿਊਨਿਕੇਸ਼ਨਜ਼ ਕੰਪਨੀ ਦੇ ਦੋ ਗਰੁੱਪਜ਼ ਬਣ ਚੁੱਕੇ ਹਨ ਤੇ ਦੋਵੇਂ ਰੌਜਰਜ਼ ਉੱਤੇ ਆਪਣਾ ਨਿਯੰਤਰਣ ਹੋਣ ਦਾ ਦਾਅਵਾ ਕਰਦੇ ਹਨ। ਇੱਕ ਗਰੁੱਪ ਦੀ ਅਗਵਾਈ ਐਡਵਰਡ ਰੌਜਰਜ਼, ਜਿਸ ਨੂੰ ਪਿੱਛੇ ਜਿਹੇ ਹੀ ਬੋਰਡ ਦੇ ਚੇਅਰ ਵਜੋਂ ਹਟਾਇਆ ਗਿਆ ਹੈ, ਵੱਲੋਂ ਕੀਤੀ ਜਾ ਰਹੀ ਹੈ। ਉਸ ਦਾ ਇਹ ਦਾਅਵਾ ਵੀ ਹੈ ਕਿ ਉਸ ਨੂੰ ਐਤਵਾਰ ਨੂੰ ਬੋਰਡ ਦੇ ਕੁੱਝ ਮੈਂਬਰਜ਼ ਵੱਲੋਂ ਦੁਬਾਰਾ ਚੁਣ ਲਿਆ ਗਿਆ ਹੈ।

ਉਸ ਦਾ ਵਿਰੋਧ ਕਰਨ ਵਾਲਿਆਂ ਵਿੱਚ ਉਸ ਦੀ ਆਪਣੀ ਹੀ ਮਾਂ, ਭੈਣ ਭਰਾ ਤੇ ਕਈ ਹੋਰ ਬੋਰਡ ਮੈਂਬਰ ਸ਼ਾਮਲ ਹਨ।ਇਨ੍ਹਾਂ ਬੋਰਡ ਮੈਂਬਰਜ਼ ਦਾ ਕਹਿਣਾ ਹੈ ਕਿ ਇਹ ਮੀਟਿੰਗ ਜਾਇਜ਼ ਨਹੀਂ ਸੀ ਤੇ ਜਿਨ੍ਹਾਂ ਪੰਜ ਮੈਂਬਰਾਂ ਨੂੰ ਐਡਵਰਡ ਰੌਜਰਜ਼ ਵੱਲੋਂ ਬਦਲਿਆ ਗਿਆ ਸੀ ਉਹ ਬੋਰਡ ਵਿੱਚ ਹੀ ਸ਼ਾਮਲ ਹਨ।ਐਡਵਰਡ ਦਾ ਧੜਾ ਹੁਣ ਇਸ ਮਾਮਲੇ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸੁਪਰੀਮ ਕੋਰਟ ਵਿੱਚ ਲਿਜਾਣ ਦੀ ਤਿਆਰੀ ਕਰ ਰਿਹਾ ਹੈ।ਪਰ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਖਿੱਚੋਤਾਣ ਦੇ ਨਤੀਜੇ ਕੰਪਨੀ ਲਈ ਹਰ ਪੱਧਰ ਉੱਤੇ ਮਾੜੇ ਹੀ ਰਹਿਣਗੇ। ਰੌਟਮੈਨ ਸਕੂਲ ਆਫ ਮੈਨੇਜਮੈਂਟ ਦੇ ਨੈਸ਼ਨਲ ਐਕੇਡੈਮਿਕ ਡਾਇਰੈਕਟਰ ਰਿਚਰਡ ਪਾਵਰਜ਼ ਦਾ ਕਹਿਣਾ ਹੈ ਕਿ ਜਿੰਨਾਂ ਇਹ ਮਾਮਲਾ ਖਿੱਚੇਗਾ ਓਨਾ ਹੀ ਇਹ ਨਹੀਂ ਸਮਝ ਆਵੇਗਾ ਕਿ ਡੀਲਜ਼ ਕੌਣ ਕਰੇਗਾ? ਪੇਪਰਜ਼ ਉੱਤੇ ਸਾਈਨ ਕੌਣ ਕਰੇਗਾ? ਨਵਾਂ ਬੋਰਡ ਜਾਂ ਪੁਰਾਣਾ ਬੋਰਡ ਕੌਣ ਕਿਸੇ ਵੀ ਚੀਜ਼ ਦੀ ਜ਼ਿੰਮੇਵਾਰੀ ਲਵੇਗਾ?

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਕ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

ਸੰਪਰਕ: 416-816-1695

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਮੋਬਾਇਲ: ਪਰਮਿੰਦਰ ਗਰੇਵਾਲ 647-391-1000
ਬਲਵੀਰ ਸਰਪੰਚ 289-541-5384

ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :
705-443-2556

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਗਿਆਨ ਗੰਗਾ

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ। ਸੰਪਰਕ: ਅਜੈਬ ਸਹੋਤਾ

4165618882, 4164544587

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

# ਪੰਥ ’ਚ ਭੰਬਲਭੂਸਾ- ਦੁਬਿਧਾ ਵਧਾਉਣ ਦੀ ਤਿਆਰੀ

-ਪ੍ਰੋ: ਸਰਚਾਂਦ ਸਿੰਘ ਖਿਆਲਾ-

ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਸਿੱਖ ਮਿਸ਼ਨਰੀ ਕਾਲਜਾਂ ਨਾਲ ਮਿਲ ਕੇ 26 ਅਕਤੂਬਰ 2021 ਨੂੰ ਸਿੱਖ ਮਿਸ਼ਨਰੀ ਕਾਨਫ਼ਰੰਸ ਕਰਨ ਜਾ ਰਹੀ ਹੈ। ਇਹ ਪਹਿਲੀ ਵਾਰ ਹੈ ਕਿ ਮਹਾਨ ਕੁਰਬਾਨੀਆਂ ਅਤੇ ਸ਼ਹਾਦਤਾਂ ਸਦਕਾ ਇਕ ਸਦੀ ਪਹਿਲਾਂ ਹੋਂਦ ਵਿਚ ਆਈ ਸਿੱਖ ਪੰਥ ਦੀ ਇਸ ਨੁਮਾਇੰਦਾ ਜਥੇਬੰਦੀ ਵੱਲੋਂ ਇਕ ਵਿਸ਼ੇਸ਼ ਪਰ ਵਿਵਾਦਿਤ ਵਿਚਾਰਧਾਰਾ ਨੂੰ ਲੈ ਕੇ ਕਾਰਜਸ਼ੀਲ ਇਨ੍ਹਾਂ ਮਿਸ਼ਨਰੀ ਸੰਸਥਾਵਾਂ ਨੂੰ ਉਤਸ਼ਾਹਿਤ ਕਰਨ ਜਾ ਰਹੀ ਹੈ, ਜਿਨ੍ਹਾਂ ਦੇ ਬਹੁਤੇ ਨੁਮਾਇੰਦਿਆਂ ਵੱਲੋਂ ਸਿੱਖੀ ਵਿਸ਼ਵਾਸ ਨੂੰ ਚੋਟ ਪਹੁੰਚਾਉਂਦਿਆਂ ਪੰਥ ਦੇ ਧਾਰਮਿਕ ਤੇ ਅਧਿਆਤਮਕ ਖੇਤਰ ’ਚ ਪੰਥ ਦੀ ਮੁਖਧਾਰਾ ਦੇ ਵਿਪਰੀਤ ਭੰਬਲਭੂਸੇ ਵਾਲੀ ਸਥਿਤੀ ਪੈਦਾ ਕਰਨ ’ਚ ਕੋਈ ਕਸਰ ਨਹੀਂ ਛੱਡੀ ਗਈ। ਇਤਿਹਾਸ ਗਵਾਹ ਹੈ ਕਿ ਮਿਸ਼ਨਰੀ ਲਾਣੇ ਦੀ ਕਿਸੇ ਵੀ ਪੰਥਕ ਮਾਮਲਿਆਂ ਜਾਂ ਪੰਥਕ ਸੰਘਰਸ਼ ’ਚ ਕੋਈ ਕੁਰਬਾਨੀ ਜਾਂ ਯੋਗਦਾਨ ਨਹੀਂ ਦੇਖਿਆ ਗਿਆ।

ਸ਼੍ਰੋਮਣੀ ਕਮੇਟੀ ਵੱਲੋਂ ਅਕਤੂਬਰ 1927 ’ਚ ਪਹਿਲੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਮਹੰਤਾਂ ਤੋਂ ਇਤਿਹਾਸਕ ਗੁਰਧਾਮਾਂ ਨੂੰ ਅਜ਼ਾਦ ਕਰਾਉਣ ਦੀ ਚਲੀ ਗੁਰਦੁਆਰਾ ਸੁਧਾਰ ਲਹਿਰ ਦੇ ਦੌਰਾਨ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੇ 20 ਫਰਵਰੀ 1921 ਦੇ ਸਾਕੇ ’ਚ ਸ਼ਹੀਦ ਹੋਏ ਸਿੰਘਾਂ ਦੀ ਯਾਦ ’ਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ। ਜਿਸ ਦਾ ਮੁੱਖ ਉਦੇਸ਼ ਸਿੱਖ ਪ੍ਰਚਾਰਕ, ਗ੍ਰੰਥੀ ਅਤੇ ਰਾਗੀ ਸਿੰਘ ਤਿਆਰ ਕਰਨਾ ਸੀ। ਸਮੇਂ ਨਾਲ ਕਈ ਮਿਸ਼ਨਰੀ ਕਾਲਜ ਸਥਾਪਿਤ ਹੋਏ, ਜਿਨ੍ਹਾਂ ਨੂੰ ਅੱਜ ਸ਼੍ਰੋਮਣੀ ਕਮੇਟੀ ਵੱਲੋਂ ਸਾਲਾਨਾ ਲੱਖਾਂ ਦੀ ਮਾਲੀ ਮਦਦ ਦਿੱਤੀ ਜਾਂਦੀ ਹੈ। ਭਾਵੇਂ ਕਿ ਇਨ੍ਹਾਂ ਕਾਲਜਾਂ ਦਾ ਪ੍ਰਯੋਜਨ ਉਕਤ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਾਲਾ ਨਾ ਹੋਕੇ ਬਹੁਤਿਆਂ ਦਾ ਸਿੱਖਾਂ ਨੂੰ ਰੱਬੀ ਭਰੋਸਾ ਅਤੇ ਸਿੱਖੀ ਦੀ ਮੁਖਧਾਰਾ ਨਾਲੋਂ ਤੋੜਨਾ ਪ੍ਰਮੁੱਖ ਰਿਹਾ।

**ਸਿੱਖ ਮਿਸ਼ਨਰੀ ਕਾਨਫ਼ਰੰਸ**

ਹੁਣ ਜੇ ਬੀਬੀ ਜਗੀਰ ਕੌਰ ਵੱਲੋਂ ਮਿਸ਼ਨਰੀ ਕਾਲਜਾਂ ਨਾਲ ਮਿਲ ਕੇ ਕਾਨਫ਼ਰੰਸ ਕੀਤੀ ਜਾ ਰਹੀ ਹੈ ਤਾਂ ਇੰਨਾ ਮਿਸ਼ਨਰੀ ਕਾਲਜਾਂ ਦੀ ਹੁਣ ਤਕ ਦੀ ਕਾਰਗੁਜ਼ਾਰੀ ਅਤੇ ਵਿਚਾਰਧਾਰਾ ’ਤੇ ਪੰਛੀ ਝਾਤ ਮਾਰਨੀ ਬਣਦੀ ਹੈ। ਸਭ ਤੋਂ ਪਹਿਲਾਂ ਪ੍ਰੋ: ਗੁਰਬਚਨ ਸਿੰਘ ਦੀ ਲਿਖੀ ਕਿਤਾਬ ’ਵਿਰਲੈ ਕਿਨੈ ਵੀਚਾਰਿਆ’’ ਜਿਸ ਦੀ ਭੂਮਿਕਾ ਲਿਖਦਿਆਂ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵਦੀ ਲੁਧਿਆਣਾ ਦੇ ਪ੍ਰਿੰਸੀਪਲ ਕੰਵਰ ਮਹਿੰਦਰਪਾਲ ਸਿੰਘ ਨੇ ਉਕਤ ਪੁਸਤਕ ਤੇ ਲੇਖਕ ਦੀਆਂ ਸਿਫ਼ਤਾਂ ਕੀਤੀਆਂ ਅਤੇ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਪ੍ਰਕਾਸ਼ਤਿ ’ਸਿੱਖ ਫੁਲਵਾੜੀ’ ਨੇ ਇਸੇ ਪ੍ਰੋ: ਕੰਵਰ ਮਹਿੰਦਰ ਪਾਲ ਸਿੰਘ ਨੂੰ ’ਗੁਰਮਤਿ ਦੇ ਪ੍ਰਚਾਰਕ ਕਹਿ ਕੇ ਸ਼ਰਧਾਂਜਲੀ ਦਿੱਤੀ। ’ਵਿਰਲੈ ਕਿਨੈ ਵੀਚਾਰਿਆ’ ਦੇ ਪੰਨਾ 138 ’ਤੇ ਸ਼੍ਰੀਮਾਨ ਜੀ ਲਿਖਦੇ ਹਨ ਕਿ : - ’’ਪਰਮਾਤਮਾ ਇਕ ਕੁਦਰਤੀ ਨਿਯਮਾਵਲੀ ਦਾ ਨਾਂ ਹੈ। ਨਿਯਮਾਂ ਨੂੰ ਸਮਝਣਾ ਅਤੇ ਇਨ੍ਹਾਂ ਦੇ ਧਾਰਨੀ ਹੋਣਾ ਹੀ ਪਰਮਾਤਮਾ ਦਾ ਸਿਮਰਨ ਕਰਨਾ ਹੈ।’’ ਹੈ ਨਾ ਉਹੀ ਸੰਕਲਪ ਜੋ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦਾ ਹੈ, ਜਿਸ ਪ੍ਰਤੀ ਸਿੱਖੀ ਪਰੰਪਰਾਵਾਂ ਨਾਲ ਖਿਲਵਾੜ ਅਤੇ ਆਪਣੇ ਬੋਲੇ ਕਥਨਾਂ ਸੰਬੰਧੀ ਸਪਸ਼ਟੀਕਰਨ ਦੇਣ ਤੋਂ ਇਨਕਾਰ ਕਰਨ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸੰਗਤਾਂ ਨੂੰ ਬਾਈਕਾਟ ਕਰਨ ਦਾ ਆਦੇਸ਼ ਦਿੱਤਾ। ਜੇ ਨਿਯਮ ਹੀ ਪ੍ਰਮਾਤਮਾ ਹੈ ਤਾਂ ਇਹ ਸਮਝਣ ਦੀ ਲੋੜ ਹੈ ਕਿ ਨਿਯਮ ਆਪੇ ਨਹੀਂ ਬਣਦਾ ਉਸ ਨੂੰ ਬਣਾਉਣ ਵਾਲਾ ਕੋਈ ਹੋਰ ਹੁੰਦਾ ਹੈ। ਗੁਰਮਤਿ ਅਨੁਸਾਰ ਪਰਮਾਤਮਾ ’’ਸੈਭੰ’’ ਭਾਵ ਆਪ ਪ੍ਰਕਾਸ਼ਮਾਨ ਹੈ। ਉਸ ਨੂੰ ਬਣਾਉਣ ਵਾਲਾ ਕੋਈ ਨਹੀਂ। ’’ ਥਾਪਿਆ ਨ ਜਾਇ ਕੀਤਾ ਨ ਹੋਇ।। ਆਪੇ ਆਪਿ ਨਿਰੰਜਨੁ ਸੋਇ।।’’ ਇਥੇ ਹੀ ਇਸੇ ਤਰਾਂ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਪ੍ਰਕਾਸ਼ਤਿ ’ਚੋਣਵੇਂ ਸ਼ਬਦਾਂ ਦੀ ਵਿਆਖਿਆ’ ’ਚ ’’ਰਾਮਦਾਸ ਸਰੋਵਰਿ ਨਾਤੇ।। ਸਭਿ ਉਤਰੇ ਪਾਪ ਕਮਾਤੇ।।’’ ਦੀ ਵਿਆਖਿਆ ’ਚ ਅੰਮ੍ਰਿਤ ਸਰੋਵਰ ਦੀ ਮਹਿਮਾ ਦੇ ਉਲਟ, ਇਹ ਕਹਿਣਾ ਕਿ ’’ਆਮ ਲੋਕੀਂ ਇਸ ਸ਼ਬਦ ਦੇ ਅਰਥ ਕਰਨ ਵਿਚ ਉਕਾਈ ਖਾ ਜਾਂਦੇ ਹਨ ਕਿ ਇਸ ਵਿਚ ਗੁਰੂ ਰਾਮਦਾਸ ਜੀ ਵੱਲੋਂ ਬਣਾਏ ਗਏ ਅੰਮ੍ਰਿਤਸਰ ਅੰਮ੍ਰਿਤ ਸਰੋਵਰ ’ਚ ਨਹਾਉਣ ਦਾ ਜ਼ਕਿਰ ਹੈ, ਤੇ ਇਹ ਵਿਸ਼ਵਾਸ ਰੱਖਦੇ ਹਨ ਕਿ ਇਸ ਸਰੋਵਰ ’ਚ ਨਹਾਉਣ ਨਾਲ ਪਾਪਾਂ ਦੀ ਮੈਲ ਦੂਰ ਹੋ ਜਾਂਦੀ ਹੈ।’’ ਬੇਸ਼ੱਕ ਉਕਤ ਵਾਕ ਦੇ ਕਈ ਹੋਰ ਅਰਥ ਵੀ ਨਿਕਲ ਸਕਦੇ ਹਨ । ਪਰ ਮਿਸ਼ਨਰੀ ਵਿਆਖਿਆ ਪ੍ਰਣਾਲੀ ਜਾਂ ਵਿਚਾਰਧਾਰਾ ਅੰਮ੍ਰਿਤ ਸਰੋਵਰ ਨਾਲੋਂ ਸੰਗਤ ਨੂੰ ਜੋੜਨ ਦਾ ਤਾਂ ਬਿਲਕੁਲ ਹੀ ਨਹੀਂ ਸਗੋਂ ਤੋੜਨ ਦਾ ਯਤਨ ਜ਼ਰੂਰ ਕਿਹਾ ਜਾ ਸਕਦਾ ਹੈ। ਬਹੁਤੇ ਮਿਸ਼ਨਰੀ ਕਾਲਜਾਂ ਵਾਲੇ ’ਬਿਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ’’ ਵਾਲੇ ਗੁਰਬਖ਼ਸ਼ ਸਿੰਘ ਕਾਲਾ ਅਫਗਾਨੇ ਦੀ ਵਿਚਾਰਧਾਰਾ ਦਾ ਪ੍ਰਤੱਖ ਸਮਰਥਨ ਕਰਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਛੇਕਿਆ ਗਿਆ ਕਾਲਾ ਅਫਗਾਨਾ ਉਹੀ ਵਿਅਕਤੀ ਹੈ ਜਿਸ ਨੇ ਅੰਮ੍ਰਿਤ ਵੇਲਾ, ਨਿੱਤਨੇਮ ਤੇ ਨਿਰਧਾਰਿਤ ਰਾਗਾਂ ’ਚ ਕੀਰਤਨ ਨੂੰ ਬ੍ਰਾਹਮਣਵਾਦ ਕਿਹਾ। ਜਿਸ ਦੇ ਲਈ ਜਿਵੇਂ ਹਿੰਦੂਆਂ ਨੇ ਲੱਕੜੀ ਜਾਂ ਮਿੱਟੀ ਦੀ ਮੂਰਤੀ ਆਪ ਜਾਂ ਖਰੀ ਕਰਦਿਆਂ ਪੂਜਾ ਕਰਦਾ ਹੈ, ਇੱਧਰ ਸਿੱਖ ਵੀ ਇਕ ਅਕਾਰ ਤਿਆਰ ਕੀਤਾ ਹੈ ਜਿਸ ਦਾ ਨਾਮ ਗੁਰੂ ਗ੍ਰੰਥ ਰੱਖਦਾ ਹੈ।

ਰਾਗੀ ਦਰਸ਼ਨ ਸਿੰਘ ਬਾਰੇ ਸਭ ਜਾਣਦੇ ਹਨ ਕਿ ਉਸ ਨੇ ਅੰਮ੍ਰਿਤ ਦੀਆਂ ਬਾਣੀਆਂ ’ਤੇ ਕਿਵੇਂ ਵਾਰ ਕੀਤਾ। ਇਸ ਸ਼੍ਰੀਮਾਨ ਨੂੰ ਕੀਰਤਨ ਦੌਰਾਨ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਘਟੀਆ ਟਿੱਪਣੀਆਂ ਕਾਰਨ ਜਨਵਰੀ 2010 ਦੌਰਾਨ ਪੰਥ ’ਚੋਂ ਛੇਕਿਆ ਗਿਆ। ਪੰਥ ਵਿਰੋਧੀ ਲਿਖਤਾਂ ਕਾਰਨ ਪੰਥ ਤੋਂ ਛੇਕਿਆ ਗਿਆ ਇੰਦਰ ਸਿੰਘ ਘੱਗਾ, ਕੈਨੇਡਾ ਫੇਰੀ ਦੌਰਾਨ ਇਕ ਵਾਰ ਸਟੇਜ ਤੋਂ ਇਹ ਕਹਿਣ ’ਤੇ ਕਿ ’’ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ ’ਤੇ ਬਿਠਾਇਆ ਗਿਆ ਤਾਂ ਵੁਹ ਬੇਹੋਸ਼ ਹੋ ਗਏ,’’ ਤੁਹਾਨੂੰ ਪਤਾ ਹੀ ਹੈ ਫਿਰ ਸਿੱਖਾਂ ਉਸ ਨੂੰ ਕਿਵੇਂ ਢਾਹ ਲਿਆ। ਇਸ ਸ਼੍ਰੀਮਾਨ ਲਈ ’’ਜਾਪੁ ਸਾਹਿਬ’’ ਸ਼ਵਿ ਪੁਰਾਣ ਦਾ ਅੰਗ ਹੈ ਤੇ ਪੰਥ ਪਰਵਾਨਿਤ ਅਰਦਾਸ ਦੀ ਪਹਿਲੀ ਤੁਕ ’’ਪ੍ਰਿਥਮ ਭਗੌਤੀ ਸਿਮਰ ਕੈ’’ ਦੇਵੀ ਉਪਾਸ਼ਨਾ ਹੈ। ਭਾਈ ਅਮਰੀਕ ਸਿੰਘ ਚੰਡੀਗੜ੍ਹ, ਭਾਈ ਸਰਬਜੀਤ ਸਿੰਘ ਧੂੰਦਾਂ ਅਤੇ ਭਾਈ ਪੰਥ ਪ੍ਰੀਤ ਸਿੰਘ ਆਦਿ ਨੂੰ ਕਈ ਵਾਰ ਸੰਗਤਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਹਾਲ ਹੀ ’ਚ ਪ੍ਰੋ: ਮਨਜੀਤ ਸਿੰਘ ਸਾਬਕਾ ਜਥੇਦਾਰ ਦੇ ਭਰਾਤਾ ਡਾ: ਓਅੰਕਾਰ ਸਿੰਘ ਅਮਰੀਕਾ ਵੱਲੋਂ ‘ਸ੍ਰੀ ਗੁਰੂ ਗ੍ਰੰਥ ਸਾਹਿਬ ਪਾਠ ਉਚਾਰਨ ਜੁਗਤ’ ਦੇ ਨਾਮ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਗੁਰਬਾਣੀ ਦੇ ਬਰਾਬਰ ਆਪਣੇ ਵੱਲੋਂ ਉਚਾਰਨ ਸੋਧ ਕੇ ਲਿਖਣਾ ਬੇਅਦਬੀ ਤੋਂ ਕਿਸੇ ਤਰਾਂ ਵੀ ਘੱਟ ਨਹੀਂ ਹੈ । ਇਸ ਹਮਾਕਤ ਲਈ ਸ਼੍ਰੋਮਣੀ ਕਮੇਟੀ ਉਸ ਖ਼ਿਲਾਫ਼ ਕੋਈ ਕਾਰਵਾਈ ਕਿਉਂ ਨਹੀਂ ਕਰ ਰਹੀ? ਪਿਛੇ ਜਿਹੇ ਮਿਸ਼ਨਰੀਆਂ ਦੀ ਇਕ ਮੀਟਿੰਗ ਸੰਬੰਧੀ ਵੀਡੀਓ ਰਿਕ-ਾਰਡਿੰਗ ਸੋਸ਼ਲ ਮੀਡੀਆ ’ਤੇ ਵਾਇਰਲ ਹੋਈ, ਜਿਸ ਵਿਚ ਇਕ ਪ੍ਰਮੁੱਖ ਪ੍ਰਚਾਰਕ ਵੱਲੋਂ ਮਿਸ਼ਨਰੀਆਂ ਨੂੰ ਇਹ ਕਿਹਾ ਗਿਆ ਦੇਖਿਆ ਸੁਣਿਆ ਗਿਆ ਕਿ ਤੁਸੀਂ ਸੰਪਰਦਾਵਾਂ ਵਿਚ ਵੜੋ , ਉਨ੍ਹਾਂ ਦੇ ਪਹਿਰਾਵੇ ਨੂੰ ਗ੍ਰਹਿਣ ਕਰੋ ਤੇ ਫਿਰ ਉਨ੍ਹਾਂ ਨੂੰ ਆਪਣੇ ਅਨੁਸਾਰ ਢਾਲਣਾ ਸ਼ੁਰੂ ਕਰਦਿਓ। ਸਿੱਖ ਸੰਪਰਦਾਵਾਂ ਦੀ ਵਿਚਾਰਧਾਰਾ ਆਪੇ ਖ਼ਤਮ ਹੋ ਜਾਊ। ਇਹ ਗੁਰਮਤਿ ਵਿਚਾਰਧਾਰਾ ਨੂੰ ਖ਼ਤਮ ਕਰਨ ਦੀ ਅਜਿਹੀ ਸਾਜ਼ਸ਼ਿ ਹੈ ਜਿਸ ਦੀ ਜਿੰਨੀ ਨਿਖੇਧੀ ਕੀਤੀ ਜਾਵੇ ਘਟ ਹੈ।

ਅਖੌਤੀ ਮਿਸ਼ਨਰੀ ਕਾਲਜਾਂ ਵੱਲੋਂ ਗੁਰਬਾਣੀ ਦੇ ਅੰਤਰੀਵ ਭਾਵਾਂ ਨੂੰ ਦਰ ਕਿਨਾਰਾ ਕਰ ਕੇ ਮਨਘੜਤ ਤੇ ਮਨ ਭਾਉਂਦਾ ਅਰਥ ਕਰਦਿਆਂ ਸੰਗਤ ’ਚ ਨਾਸਤਿਕਤਾ ਫੈਲਾ ਕੇ ਸਿੱਖੀ ਨੂੰ ਖੋਰਾ ਲਾਇਆ ਜਾ ਰਿਹਾ ਹੈ। ਸਿੱਖੀ ਸਿਧਾਂਤਾਂ ਨੂੰ ਬ੍ਰਾਹਮਣਵਾਦੀ ਜਾਂ ਅੰਧ ਵਿਸ਼ਵਾਸ ਦਾ ਲੇਬਰ ਲਾਉਣ ਤੋਂ ਇਲਾਵਾ ਤਰਕਸ਼ੀਲ ਦੇ ਨਾਮ ’ਤੇ ਸਿੱਖਾਂ ਦੇ ਧਾਰਮਿਕ ਵਿਸ਼ਵਾਸ ਨੂੰ ਮਲਿਆ ਮੇਟ ਕਰਨ ਦੀਆਂ ਕੋਸ਼ਸ਼ਿਾਂ ਹੋ ਰਹੀਆਂ ਹਨ। ਮਿਸ਼ਨਰੀਆਂ ਲਈ ਬ੍ਰਾਹਮਣਵਾਦ ਇਕ ਤਕੜਾ ਹਥਿਆਰ ਹੈ। ਜੇ ਸਮਝ ਤੋਂ ਪਰੇ ਹੈ ਤਾਂ ਉਸ ਨੂੰ ਬ੍ਰਾਹਮਣਵਾਦ ਕਹਿ ਦਿਓ ਕਿੱਸਾ ਹੀ ਖ਼ਤਮ। ਉਨ੍ਹਾਂ ਦੇ ਉਲਟ ਵਿਆਖਿਆ ਕਰਦਾ ਹੈ ਤਾਂ ਬ੍ਰਾਹਮਣਵਾਦੀ ਹੈ। ਜੇ ਸਨਾਤਨ ਧਰਮ ਤੇ ਇਸ ਦੇ ਗ੍ਰੰਥ ਮੂਲੋਂ ਰੱਦ ਕਰਨ ਯੋਗ ਹਨ ਤਾਂ ਫਿਰ ਭਗਤ ਪ੍ਰਹਿਲਾਦ ਜੀ, ਭਗਤ ਰਾਜਾ ਜਨਕ ਜੀ, ਰਿਸ਼ੀ ਵਸ਼ਸ਼ਿਟ ਆਦਿ ਗੁਰਬਾਣੀ ’ਚ ’ਗੁਰਮੁਖ’ ਦੀ ਪਦਵੀ ਨੂੰ ਕਿਵੇਂ ਪਹੁੰਚੇ? ਇਹ ਲੋਕ ਇਹ ਸਮਝਣੋਂ ਵੀ ਅਸਮਰਥ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਜੈ ਦੇਵ ਜੀ, ਭਗਤ ਤ੍ਰਿਲੋਚਨ ਜੀ, ਭਗਤ ਬੇਣੀ ਜੀ ਭਗਤ ਰਾਮਾਨੰਦ ਅਤੇ ਭਗਤ ਪੀਪਾ ਜੀ ਆਦਿ ਸਮਾਏ ਹੋਏ ਹਨ।

ਦੇਖਣ ਨੂੰ ਬਾਹਰੋਂ ਗੁਰਸਿੱਖ ਹੀ ਲੱਗਣਗੇ, ਪਰ ਸਿੱਖੀ ਸਿਧਾਂਤ ਨੂੰ ਕਮਿਊਨਿਜ਼ਮ ਦੀ ਪੁੱਠ ਚਾੜ ਕੇ ਕੀਤੀ ਜਾ ਰਹੀ ਵਿਆਖਿਆ ਪ੍ਰਣਾਲੀ ਅਧਿਆਤਮਵਾਦ ਤੇ ਪ੍ਰਮਾਰਥ ਗਿਆਨ ਦੇ ਉਲਟ ਪਦਾਰਥ ਵਿਗਿਆਨ ਵਲ ਉਲਾਰ ਹੋ ਚੁੱਕੀ ਹੈ। ਇਸ ਪ੍ਰਕਾਰ ਗੁਰੂ ਨਿੰਦਕ ਝੱਖ ਮਾਰ ਰਹੇ ਹਨ। ਇਹ ਲੋਕ ਗੁਰੂ ਸਾਹਿਬਾਨ ਨੂੰ ਮਨੁੱਖੀ ਧਰਾਤਲ ’ਤੇ ਪੇਸ਼ ਕਰਨ ਵਲ ਰੁਚਿਤ ਹਨ। ਜਿਹੜੀਆਂ ਤਰਕਾਂ ਅਖੌਤੀ ਮਿਸ਼ਨਰੀ ਕਾਲਜਾਂ ਵਾਲੇ ਅੱਜ ਸਿੱਖ ਇਤਿਹਾਸ ਜਾਂ ਧਾਰਮਿਕ ਵਿਸ਼ਵਾਸ ’ਤੇ ਮਾਰ ਰਹੇ ਹਨ ਉਹ ਨਵੀਂ ਪਨੀਰੀ ਜਾਂ ਕੁਝ ਲੋਕਾਂ ਨੂੰ ਨਵੀਨ ਹੋਵੇਗੀ ਪਰ ਸਿੱਖ ਸਿਧਾਂਤ ਦੇ ਅਨੁਕੂਲ ਬਿਲਕੁਲ ਨਹੀਂ । ਕਾਰਲ ਮਾਰਕਸ ਲਈ ਧਰਮ ’ਅਫੀਮ’ ਹੈ ਪਰ ਗੁਰਸਿੱਖਾਂ ਲਈ ਇਹ ਇਕ ਸਾਧਨਾ ਹੈ। ਸਿੱਖ ਤਾਂ ਸਿਦਕ ਨੂੰ ਪ੍ਰਣਾਏ ਹੋਏ ਹਨ। ਜੋ ਗੁਰੂ ਦੇ ਪਿਆਰ ’ਚ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਬਿਨਾ ਕਿਸੇ ਕਿੰਤੂ ਪਰੰਤੂ ਦੇ ਗੁਰਬਾਣੀ ਨੂੰ ਸਤਿ ਸਤਿ ਕਰ ਕੇ ਮੰਨ ਦੇ ਅਤੇ ਆਪਣੀ ਕਲਿਆਣ ਅਤੇ ਗੁਰੂ ਦੇ ਦਰ ’ਤੇ ਪ੍ਰਵਾਨ ਚੜਣ ਲਈ ਬਾਣੀ ਪੜ੍ਹਦੇ ਸਿਮਰਨ ਕਰਦੇ ਹਨ। ਪਰੰਪਰਾਵਾਦੀ ਵਿਆਖਿਆ ਪ੍ਰਣਾਲੀ ਪਾਠਕ ਦੇ ਹਿਰਦੇ ਅੰਦਰ ਗੁਰੂ ਲਈ ਸ਼ਰਧਾ, ਪਿਆਰ ਅਤੇ ਵਲਵਲੇ ਪੈਦਾ ਕਰਨ ਤੋਂ ਇਲਾਵਾ ਆਪਾ ਵਾਰਨ ਦੀ ਤੀਬਰਤਾ ਪੈਦਾ ਕਰਦੀ ਹੈ। ਇਹ ਲੋਕ ਰੱਬੀ ਭਰੋਸੇ ਤੋਂ ਮਨੁੱਖ ਨੂੰ ਹੀਣਾ ਕਰਨਾ ਚਾਹੁੰਦੇ ਹਨ। ਬਹੁਤਿਆਂ ਨੇ ਤਾਂ ਦਸਮ ਗ੍ਰੰਥ ਦਾ ਵਿਰੋਧ ਕਰਨ ਨੂੰ ਆਪਣਾ ਧਰਮ ਬਣਾ ਲਿਆ ਹੋਇਆ ਹੈ।

ਮਿਸ਼ਨਰੀ ਕਾਲਜਾਂ ਵਾਲੇ ਜਿਸ ਵਿਚਾਰਧਾਰਾ ਦੇ ਸਮਰਥਕ ਹਨ ਉਨ੍ਹਾਂ ’ਚੋਂ ਬਹੁਤਿਆਂ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਪਸ਼ਟ ਹੁਕਮਨਾਮੇ ਜਾਰੀ ਹੋ ਚੁੱਕੇ ਹਨ। ਇਨ੍ਹਾਂ ਦੀ ਵਿਚਾਰਧਾਰਾ ਦੇ ਸਮਰਥਕਾਂ ਨਾਲ ਮੇਲ ਮਿਲਾਪ ਕਰਨਾ ਕੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮਿਆਂ ਦੀ ਹੁਕਮ ਅਦੂਲੀ ਨਹੀਂ। ਸਿੱਖ ਮਿਸ਼ਨਰੀ ਕਾਨਫ਼ਰੰਸ ਕਰਨ ਤੋਂ ਭਾਵ ਇੰਨਾ ਦੇ ਗੁਰਮਤਿ ਵਿਰੋਧੀ ਸਾਹਿਤ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਵਾਨਗੀ ਦੇ ਦਿੱਤੀ ਗਈ ਨਹੀਂ ਸਮਝ ਲਿਆ ਜਾਵੇਗਾ? ਕੀ ਇਸ ਕਾਨਫ਼ਰੰਸ ਲਈ ਅਕਾਲ ਤਖ਼ਤ ਸਾਹਿਬ ਤੋਂ ਮਨਜ਼ੂਰੀ ਲਈ ਗਈ ਹੈ ? ਬੀਬੀ ਜਗੀਰ ਕੌਰ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਅਪਮਾਨਜਨਕ ਕਥਨ ’’ਗੁਰੂ ਨੂੰ ਕੀ ਫ਼ਰਕ ਪੈਂਦਾ ਅਸੀਂ ਗਾਲ੍ਹਾਂ ਕੱਢੀ ਜਾਈਏ, ਅਸੀ ਅਪਮਾਨ ਕਰੀ ਜਾਈਏ, ਜੋ ਮਰਜ਼ੀ ਕਰੀ ਜਾਈਏ’’ ਦੇ ਸਹੀ ਅਰਥਾਂ ਦੀ ਸਮਝ ਮਿਸ਼ਨਰੀ ਕਾਨਫ਼ਰੰਸ ਨੇ ਬੋਧ ਕਰਾ ਦਿੱਤੇ ਹਨ। ਬੀਬੀ ਜੀ ਦੀ ਪੰਥ ਦੀ ਮੁਖ਼ਤਾਰ ਦੇ ਵਿਪਰੀਤ ਉਲਟੀ ਦਿਸ਼ਾ ’ਚ ਜਾਣ ਦਾ ਸ਼ੌਕ ਕੋਈ ਨਵਾਂ ਨਹੀਂ ਹੈ। ਬੀਬੀ ਜੀ ਸ਼੍ਰੋਮਣੀ ਕਮੇਟੀ ਦੀ ਵੈੱਬ ਸਾਈਡ ਤੋਂ ਪੁਰਾਤਨ ਕਥਾ ਕੀਰਤਨ ਨੂੰ ਖ਼ਤਮ ਕਰਨ ਦੇ ਮਨਸੂਬਿਆਂ ਬਾਰੇ ਦਾਸ ਵੱਲੋਂ ਪਹਿਲਾਂ ਹੀ ਸੰਗਤ ਨੂੰ ਆਗਾਹ ਕੀਤਾ ਜਾ ਚੁੱਕਿਆ ਹੈ। ਮਿਸ਼ਨਰੀ ਕਾਨਫ਼ਰੰਸ ਵੀ ਇਸ ਦੀ ਸਿੱਖ ਵਿਰੋਧੀ ਮਿਸ਼ਨ ਦੀ ਅਗਲੀ ਕੜੀ ਵਜੋਂ ਹੀ ਦੇਖਿਆ ਜਾਵੇਗਾ। ਸਿੱਖੀ ਦੀਆਂ ਜੜ੍ਹਾਂ ’ਚ ਯੋਜਨਾਬੱਧ ਤਰੀਕੇ ਨਾਲ ਤੇਲ ਦੇਣ ਦੀਆਂ ਤਿਆਰੀਆਂ ਨੂੰ ਅੰਤਿਮ ਰੂਪ ਦਿੱਤਾ ਜਾ ਚੁੱਕਿਆ ਹੈ। ਜਿਸ ਦੇ ਸਿੱਟੇ ਬੇਸ਼ੱਕ ਪੰਥ ਲਈ ਸਾਜ਼ਗਾਰ ਨਹੀਂ ਹੋਣਗੇ। ਸਿੱਖ ਸੰਗਤਾਂ ਜਥੇਬੰਦੀਆਂ ਤੇ ਸੰਪਰਦਾਵਾਂ ਨੂੰ ਬੀਬੀ ਜੀ ਦੇ ਅਜਿਹੇ ਮਨਸੂਬਿਆਂ ਖ਼ਿਲਾਫ਼ ਇਕ ਜੁੱਟ ਹੋਣ ਦੀ ਲੋੜ ਹੈ। ਗੱਲ ਸਹੇ ਦੀ ਨਹੀਂ ਗੱਲ ਪਹੇ ਦੀ ਹੈ ।

ਜਦੋਂ ਸਿੰਘਾਂ ਨੇ ਭਾਈ ਕਨ੍ਹੱਈਆ ਜੀ ਦੀ ਸ਼ਿਕਾਇਤ ਗੁਰੂ ਜੀ ਕੋਲ਼ ਕੀਤੀ ਕਿ ਭਾਈ ਸਾਹਿਬ ਦੁਸ਼ਮਣਾਂ ਨੂੰ ਵੀ ਪਾਣੀ ਪਿਲਾਈ ਜਾ ਰਹੇ ਹਨ,ਤਾਂ ਉਨ੍ਹਾਂ ਨੂੰ ਬੁਲਾਇਆ ਗਿਆ। ਗੁਰੂ ਜੀ ਅੱਗੇ ਪੇਸ਼ ਹੋ ਕੇ ਉਸ ਨੇ ਇਸ ਤਰਾਂ ਅਰਜ਼ ਕੀਤੀ……

## * ਗੀਤ *

ਜਿੱਧਰ ਵੀ ਦੇਖਦਾ ਹਾਂ ਤੇਰਾ ਹੀ ਤਾਂ ਨੂਰ ਹੈ।
ਇਹਦੇ ਵਿੱਚ ਦਾਤਾ ਜੀਓ ਮੇਰਾ ਕੀ ਕਸੂਰ ਹੈ।

ਜਦੋਂ ਮੈਂ ਪਿਲਾਵਾਂ ਪਾਣੀ ਤੇਰਾ ਰੂਪ ਦਿਸਦਾ।
ਦੱਸੋ ਮੈਨੂੰ ਤੁਸੀਂ ਹੁਣ ਹੱਲ ਕੀ ਹੈ ਇਸਦਾ।
ਲੱਗੇ ਕੋਈ ਨਾ ਬੇਗਾਨਾ ....
ਮੈਂ ਤਾਂ ਵਾਰੀ ਵਾਰੀ ਜਾਨਾ.....
ਪਿਲਾ ਕੇ ਪਾਣੀ ਮੈਨੂੰ ਚੜ੍ਹਦਾ ਸਰੂਰ ਹੈ।
ਜਿੱਧਰ ਵੀ ਦੇਖਦਾ ਹਾਂ ਤੇਰਾ ਹੀ ਤਾਂ ਨੂਰ ਹੈ।

ਜ਼ਿੰਮੇਵਾਰੀ 'ਨਾ ਨਿਭਾਵਾਂ ਸੇਵਾ ਜ਼ਿੰਮੇ ਲਾਈ ਜੋ।
ਨਾਲ਼ੇ ਕਰਾਂ ਮੈਂ ਦੁਆਵਾਂ ਬੈਠਾ ਫੱਟ ਖਾਈ ਜੋ।
ਤੇਰਾ ਰੂਪ ਮੈਨੂੰ ਜਾਪੇ...
ਸਭ ਕਰਾਵੇਂ ਤੂੰ ਆਪੇ ....
ਮਿਹਰ ਤੇਰੀ ਸਾਡੇ ਸਭ ਤੇ ਜਰੂਰ ਹੈ।
ਜਿੱਧਰ ਵੀ ਦੇਖਦਾ ਹਾਂ ਤੇਰਾ ਹੀ ਤਾਂ ਨੂਰ ਹੈ।

ਹੱਥ ਬੰਨ੍ਹ ਖੜ੍ਹਾ ਤੁਸਾਂ ਅੱਗੇ ਅਰਜ਼ ਕਰਾਂ।
ਜੋ ਬਖ਼ਸ਼ੇ ਨੇ ਮੈਨੂੰ ਪੂਰੇ ਫ਼ਰਜ਼ ਕਰਾਂ।
ਮੇਰੇ ਤੇ ਕਰੋ ਉਪਕਾਰ ....
ਰਹਾਂ ਝਾੜੂ ਬਰਦਾਰ....
ਹੁਕਮ ਸਿਰ ਮੱਥੇ, ਜੋ ਆਪ ਨੂੰ ਮੰਨਜ਼ੂਰ ਹੈ।
ਜਿੱਧਰ ਵੀ ਦੇਖਦਾ ਹਾਂ ਤੇਰਾ ਹੀ ਤਾਂ ਨੂਰ ਹੈ।

ਨਿਸ਼ਕਾਮ ਸੇਵਾ ਜੋ ਗੁਰੂ ਦੇ ਪਿਆਰੇ ਕਰਦੇ।
ਹੁੰਦੀ ਮਿਹਰ ਉਨ੍ਹਾਂ ਤੇ ਭਵ-ਸਾਗਰ ਤਰਦੇ।
ਕੰਮ ਕਰਨ ਉਹ ਨਿਆਰਾ ....
ਲੱਗੇ ਸਭ ਨੂੰ ਪਿਆਰਾ ....
ਹੁੰਦੀ ਮਹਿਮਾ ਉਨ੍ਹਾਂ ਦੀ ਦੂਰ ਦੂਰ ਹੈ।
ਜਿੱਧਰ ਵੀ ਦੇਖਦਾ ਹਾਂ ਤੇਰਾ ਹੀ ਤਾਂ ਨੂਰ ਹੈ।

ਗੁਰਾਂ ਖ਼ੁਸ਼ ਹੋ ਕੇ ਸੀਨੇ ਨਾਲ਼ ਲਾ ਲਿਆ।
ਭਾਈ ਜੀ ਨੂੰ ਕੋਲ਼ ਵੀ ਬਿਠਾ ਲਿਆ।
ਕਰੀ ਜਾਉ ਸੇਵਾ ਭਾਈ ....
ਮੱਲ੍ਹਮ ਪੱਟੀ ਵੀ ਫੜ੍ਹਾਈ ....
ਅਕਾਲ ਪੁਰਖ ਦਾ ਵੀ ਇਹੀ ਦਸਤੂਰ ਹੈ।
ਜਿੱਧਰ ਵੀ ਦੇਖਦਾ ਹਾਂ ਤੇਰਾ ਹੀ ਤਾਂ ਨੂਰ ਹੈ।

ਲੈ ਕਲਗੀਧਰ ਕੋਲੋਂ ਥਾਪੜਾ, ਸੀਸ ਨਿਵਾ ਕੇ।
ਲਾਵੇ ਜਖ਼ਮਾਂ ਤੇ ਮੱਲ੍ਹਮ, ਪੱਟੀਆਂ ਬਣਾ ਕੇ।
ਸੇਵਾ ਕਰਦਾ ਅਵੱਲੀ....
ਧਿਆਨ ਸਤਿਗੁਰ ਵੱਲੀ....
'ਹਕੀਰ' ਮਨ ਵਿੱਚ ਕੋਈ ਨਾ ਗ਼ਰੂਰ ਹੈ।
ਜਿੱਧਰ ਵੀ ਦੇਖਦਾ ਹਾਂ ਤੇਰਾ ਹੀ ਤਾਂ ਨੂਰ ਹੈ।

-ਸੁਲੱਖਣ ਸਿੰਘ +647-786-6329

## ਗ਼ਜ਼ਲ

ਪਿਆਰ ਵਿੱਚ ਕਦੇ ਮਜ਼ਬੂਰੀ ਮਾਰ ਜਾਂਦੀ ਏ।
ਚੋਬਰਾਂ ਨੂੰ ਅੱਲ੍ਹੜਾਂ ਦੀ ਦੂਰੀ ਮਾਰ ਜਾਂਦੀ ਏ।

ਉੱਠਣ ਉਮੰਗਾਂ ਕਦੇ ਮਾਰ ਜਾਣ ਸੰਙਾਂ,
ਰੀਝ ਮੁਲਾਕਾਤ ਦੀ ਅਧੂਰੀ ਮਾਰ ਜਾਂਦੀ ਏ।

ਛੱਡਦਾ ' ਨੀ ਪੱਲੇ ਫੱਕਾ ਇਸ਼ਕ ਮਜ਼ਾਜੀ ਜੋ,
ਬੇਲਿਆਂ 'ਚ ਖਾਧੀ ਹੋਈ ਚੂਰੀ ਮਾਰ ਜਾਂਦੀ ਏ।

ਭਟਕਣ ਮਾਰ ਗਈ ਅੱਜ ਦੇ ਮਨੁੱਖ ਨੂੰ,
ਜਿਵੇਂ ਕਿਸੇ ਮ੍ਰਿਗ ਨੂੰ ਕਸਤੂਰੀ ਮਾਰ ਜਾਂਦੀ ਏ।

ਚਾਪਲੂਸ ਲੋਕਾਂ ਦੀ ਥੋੜ੍ਹ ਕਿੱਥੇ ਜੱਗ ਤੇ,
ਗ਼ੈਰਤਮੰਦਾਂ ਨੂੰ, ਜੀ ਹਜ਼ੂਰੀ ਮਾਰ ਜਾਂਦੀ ਏ।

ਕਹਿ ਨਾ ਹੋਈ ਦਿਲ ਦੀ ਦੱਬੀ ਫਿਰੇ ਚਿਰਾਂ ਤੋਂ,
ਆਈ ਨਾ ਹੋਠਾਂ ਤੇ ਗੱਲ ਜ਼ਰੂਰੀ ਮਾਰ ਜਾਂਦੀ ਏ।


ਕਰ ਨਾ ਸਕੇ ਕੋਈ ਕੰਮ ਕਾਰ ਮਰਜ਼ੀ 'ਨਾ,
ਲੈਣੀ ਪਵੇ ਹਰ ਵਾਰ ਮੰਨਜ਼ੂਰੀ ਮਾਰ ਜਾਂਦੀ ਏ।

ਨੇਕ ਕਮਾਈ ਕਰੇ ਚਾਲ ਚੱਲਣ ਰੱਖੇ ਉੱਚਾ,
ਕਿਉਂ ਮੰਨੇ ਈਨ, ਮਗ਼ਰੂਰੀ ਮਾਰ ਜਾਂਦੀ ਏ।

ਤਕੜੇ ਦਾ ਕਹਿੰਦੇ , ਸੱਤੀਂ ਵੀਹੀਂ ਸੌ ਹੁੰਦੈ,
'ਹਕੀਰ' ਮਾੜੇ ਬੰਦੇ ਨੂੰ ਤਾਂ ਘੂਰੀ ਮਾਰ ਜਾਂਦੀ ਏ।

-ਸੁਲੱਖਣ ਸਿੰਘ +647-786-6329

# ਚੋਣਾਂ ਤੱਕ ਸੀਮਤ ਸੋਚ ਨਹੀਂ ਲੋੜੀਦੀ, ਭਵਿੱਖ ਵਿੱਚ ਕੀ ਬਣੇਗਾ ਪੰਜਾਬ ਦਾ ਅਤੇ ਕੀ ਬਣੇਗਾ ਭਾਰਤ ਦਾ!



ਜਤਿੰਦਰ ਪੰਨੂ

ਇਹ ਸਵਾਲ ਸਾਡੇ ਸਾਰਿਆਂ ਦਰਮਿਆਨ ਅਕਸਰ ਚਰਚਾ ਦਾ ਵਿਸ਼ਾ ਬਣਦਾ ਰਹਿੰਦਾ ਹੈ ਕਿ ‘ਪੰਜਾਬ ਦਾ ਬਣੂੰਗਾ ਕੀ?’ ਆਮ ਕਰ ਕੇ ਇਸ ਸਵਾਲ ਦੀ ਹੱਦ ਅਗਲੀਆਂ ਵਿਧਾਨ ਸਭਾ ਚੋਣਾਂ ਜਾਂ ਇਸ ਰਾਜ ਵਿੱਚ ਕੋਈ ਅਗਲੀ ਸਰਕਾਰ ਬਣਨ ਬਾਰੇ ਸੋਚਣ ਤੱਕ ਸੀਮਤ ਹੁੰਦੀ ਹੈ। ਕੋਈ ਵਿਰਲਾ ਬੰਦਾ ਇਹ ਸਵਾਲ ਥੋੜ੍ਹਾ ਅੱਗੇ ਤੱਕ ਵਧਾ ਕੇ ਇਹ ਕਹਿਣ ਤੱਕ ਪਹੁੰਚ ਜਾਂਦਾ ਹੈ ਕਿ ਸਰਕਾਰਾਂ ਤਾਂ ਆਉਂਦੀਆਂ-ਜਾਂਦੀਆਂ ਰਹਿਣਗੀਆਂ, ਭਵਿੱਖ ਦਾ ਪੰਜਾਬ ਕਿਹੋ ਜਿਹਾ ਹੋਵੇਗਾ ਤੇ ਇਸ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਕਿਨ੍ਹਾਂ ਉਲਝਣਾਂ ਨਾਲ ਸਿੱਝਣਾ ਪੈ ਸਕਦਾ ਹੈ? ਉਹ ਉਲਝਣਾਂ ਉਨ੍ਹਾਂ ਲਈ ਰੁਜ਼ਗਾਰ ਬਾਰੇ ਵੀ ਹੋ ਸਕਦੀਆਂ ਹਨ ਅਤੇ ਭਾਸ਼ਾ ਤੇ ਸੱਭਿਆਚਾਰ ਬਾਰੇ ਵੀ ਜ਼ਰੂਰ ਹੋਣਗੀਆਂ, ਪਰ ਇਨ੍ਹਾਂ ਬਾਰੇ ਡੂੰਘਾ ਸੋਚਣ ਦਾ ਵਕਤ ਅੱਜ ਸਾਡੇ ਲੋਕਾਂ ਕੋਲ ਬਹੁਤਾ ਜਾਂ ਤਾਂ ਹੈ ਨਹੀਂ, ਜਾਂ ਏਨਾ ਲੰਮਾ ਸੋਚਣਾ ਨਹੀਂ ਚਾਹੁੰਦੇ ਤੇ ਥੋੜ੍ਹ-ਚਿਰੀ ਚਿੰਤਾ ਏਥੋਂ ਤੱਕ ਹੀ ਰਹਿੰਦੀ ਹੈ ਕਿ ਅਗਲੀਆਂ ਅਸੈਂਬਲੀ ਚੋਣਾਂ ਮਗਰੋਂ ‘ਪੰਜਾਬ ਦਾ ਬਣੂੰਗਾ ਕੀ?’ ਪੰਜਾਬ ਬਾਰੇ ਏਦਾਂ ਦੀ ਚਿੰਤਾ ਕਰਨਾ ਵੀ ਗਲਤ ਨਹੀਂ, ਪਰ ਸਿਰਫ ਚੋਣਾਂ ਤੱਕ ਦੀ ਚਿੰਤਾ ਕਰਨਾ ਗਲਤ ਹੈ। ਬਣੇਗਾ ਪੰਜਾਬ ਦਾ ਇਹੋ ਕਿ ਕੋਈ ਨਾ ਕੋਈ ਪਾਰਟੀ ਲੋਕਾਂ ਨੂੰ ਝੂਠੇ ਵਾਅਦੇ ਕਰ ਕੇ ਅਤੇ ਲਾਰੇ ਲਾ ਕੇ ਚੋਣਾਂ ਜਿੱਤਣ ਜੋਗਾ ਜੁਗਾੜ ਕਰ ਲਵੇਗੀ ਅਤੇ ਫਿਰ ਅਗਲੇ ਪੰਜ ਸਾਲ ਅਸੀਂ ਇਹ ਕਹਿੰਦੇ ਰਹਾਂਗੇ ਕਿ ਇਹ ਪਿਛਲੀ ਸਰਕਾਰ ਤੋਂ ਵੀ ਮਾੜੀ ਨਿਕਲੀ ਹੈ। ਅੱਜ ਤੀਕ ਪੰਜਾਬ ਨੂੰ ਜਦੋਂ ਵੀ ਕੋਈ ਸਰਕਾਰ ਮਿਲੀ, ਉਸ ਨੇ ਸਾਨੂੰ ਇਹੋ ਕਹਿਣ ਜੋਗੇ ਕੀਤਾ ਹੈ ਕਿ ਇਸ ਨਾਲੋਂ ਪਿਛਲੀ ਸਰਕਾਰ ਚੰਗੀ ਸੀ। ਜਦੋਂ ਪਿਛਲੀ ਸਰਕਾਰ ਹੁੰਦੀ ਸੀ, ਜਿਹੜੇ ਲੋਕ ਉਸ ਦੇ ਵਕਤ ਰੋਂਦੇ-ਚੀਕਦੇ ਰਹੇ ਸਨ, ਉਹ ਨਵੀਂ ਸਰਕਾਰ ਦੇ ਆਇਆਂ ਤੋਂ ਵੀ ਚੀਕਾਂ ਮਾਰਨਗੇ ਅਤੇ ਇਸ ਚੀਕ-ਪਰੇਡ ਨੂੰ ਸੁਣਨ ਲਈ ਬਹੁਤਾ ਲੰਮਾਂ ਉਡੀਕਣਾ ਵੀ ਨਹੀਂ ਪਵੇਗਾ।

ਹਰ ਸਰਕਾਰ ਦੇ ਵਕਤ ਚੀਕਾਂ ਮਾਰਨ ਅਤੇ ਕੋਈ ਸੁਖਾਵਾਂ ਬਦਲ ਨਾ ਹੋਣ ਕਰ ਕੇ ਫਿਰ ਪਹਿਲੇ ਨੂੰ ਭਜਾਉਣ ਅਤੇ ਉਸ ਤੋਂ ਵੀ ਮਾੜਾ ਸਾਬਤ ਹੋਣ ਵਾਲਾ ਕੋਈ ਨਵਾਂ ਨੇਤਾ ਚੁਣ ਕੇ ਚੀਕਾਂ ਮਾਰਨ ਦੀ ਰਿਵਾਇਤ ਭੁੱਲ ਕੇ ਮੈਂ ਜਾਣਨਾ ਚਾਹੁੰਦਾ ਹਾਂ ਕਿ ਪੰਜਾਬ ਅਤੇ ਭਾਰਤ ਦੇ ਲੋਕ ਇਹ ਕਿਉਂ ਨਹੀਂ ਸੋਚਦੇ ਕਿ ਪੰਜਾਬ ਜਾਂ ਦੇਸ਼ ਜਾ ਕਿੱਧਰ ਨੂੰ ਰਿਹਾ ਹੈ? ਸਾਡੇ ਭਾਰਤ ਦੇ ਆਂਢ-ਗਵਾਂਢ ਦੇ ਦੇਸ਼ਾਂ ਵਿੱਚੋਂ ਇੱਕ ਚੀਨ ਦਾ ਤਜਰਬਾ ਵੱਖਰੀ ਕਿਸਮ ਦਾ ਹੈ, ਜਿਹੜਾ ਕਈ ਲੋਕਾਂ ਨੂੰ ਪਸੰਦ ਨਹੀਂ ਤੇ ਜਿਨ੍ਹਾਂ ਲੋਕਾਂ ਨੂੰ ਪਸੰਦ ਨਹੀਂ, ਉਹ ਨਾਪਸੰਦ ਕਰਦੇ ਰਹਿਣ, ਬਾਕੀ ਦੇ ਗਵਾਂਢੀ ਦੇਸ਼ਾਂ ਦਾ ਤਜਰਬਾ ਏਦਾਂ ਦਾ ਹੈ ਕਿ ਹਰ ਥਾਂ ਹੌਲੀ-ਹੌਲੀ ਫਿਰਕੂ ਤੱਤ ਭਾਰੂ ਹੁੰਦੇ ਗਏ ਹਨ ਅਤੇ ਮਨੁੱਖਵਾਦ ਦੀ ਸੋਚ ਗਰਕਦੀ ਗਈ ਹੈ। ਪਾਕਿਸਤਾਨ ਤਾਂ ਬਣਿਆ ਹੀ ਇੱਕ ਧਰਮ ਦੇ ਨਾਂਅ ਉੱਤੇ ਸੀ ਤੇ ਓਥੇ ਉਸ ਧਰਮ ਦੇ ਨਾਂਅ ਉੱਤੇ ਫਿਰਕੂ ਕੱਟੜਪੰਥ ਦਾ ਭਾਰੂ ਹੋਣਾ ਸਮਝ ਆ ਜਾਂਦਾ ਸੀ, ਪਰ ਜਿਹੜਾ ਬੰਗਲਾ ਦੇਸ਼ ਬੰਗਾਲੀਅਤ ਦੇ ਨਾਂਅ ਉੱਤੇ ਸਾਂਝੀ ਜੰਗ ਲੜ ਕੇ ਤੇ ਸਾਂਝੀਆਂ ਕੁਰਬਾਨੀਆਂ ਦੇ ਕੇ ਬਣਿਆ ਸੀ, ਉਹ ਵੀ ਆਖਰ ਨੂੰ ਆਪਣੇ ਸੰਵਿਧਾਨ ਵਿੱਚ ਇਸਲਾਮੀ ਰਾਜ ਦਾ ਸ਼ਬਦ ਜੋੜਨ ਤੱਕ ਪਹੁੰਚ ਗਿਆ ਅਤੇ ਅੱਗੋਂ ਓਥੇ ਸਾਰੀਆਂ ਘੱਟ-ਗਿਣਤੀਆਂ ਨੂੰ ਇੱਕ ਵੱਡੇ ਧਰਮ ਦੀ ਕੱਟੜਪੰਥੀ ਸੋਚ ਸਾਹਮਣੇ ਝੁਕਣ ਲਈ ਮਜਬੂਰ ਕਰ ਦੇਣ ਵਾਲੀਆਂ ਸਰਗਰਮੀਆਂ ਸਿਖਰਾਂ ਉੱਤੇ ਹਨ। ਪਿਛਲੇ ਦਿਨੀਂ ਜੋ ਕੁਝ ਓਥੇ ਹੋਇਆ ਹੈ, ਉਹ ਇਸੇ ਦਾ ਸਬੂਤ ਹੈ।

ਗਵਾਂਢ ਦਾ ਰੂਪ ਨਹੀਂ ਆਉਂਦਾ, ਉਸ ਦੀ ਮੱਤ ਆ ਜਾਂਦੀ ਹੈ। ਭਾਰਤ ਦੇ ਗਵਾਂਢ ਵਿੱਚ ਇਹ ਸਭ ਕੁਝ ਹੁੰਦਾ ਵੇਖ ਕੇ ਦੁਖੀ ਹੋਣ ਦੀ ਥਾਂ ਭਾਰਤ ਦੀ ਕਮਾਨ ਸਾਂਭਣ ਵਾਲੀ ਮੁੱਖ ਧਿਰ ਇਸ ਮੌਕੇ ਨੂੰ ਵਰਤ ਕੇ ਆਪਣੇ ਰੰਗ ਦੀ ਸੋਚ ਦਾ ਦੇਸ਼ ਸਿਰਜਣ ਲਈ ਹਰ ਹੱਦ ਤੱਕ ਜਾਣ ਨੂੰ ਤਿਆਰ ਹੈ। ਸਕੂਲਾਂ ਵਿੱਚ ਪੜ੍ਹਦੇ ਜਵਾਕਾਂ ਨੂੰ ਦੇਸ਼ਭਗਤੀ ਦਾ ਪੜ੍ਹਾਉਣ ਦੇ ਬਹਾਨੇ ਇੱਕ ‘ਭਾਰਤ-ਮਾਤਾ’ ਦੀ ਭਗਤੀ ਅਤੇ ਉਸ ਭਾਰਤ-ਮਾਤਾ ਦੀ ਤਸਵੀਰ ਹਿੰਦੂ ਦੇਵੀਆਂ ਨਾਲ ਮਿਲਦੀ ਵਿਖਾ ਕੇ ਉਸ ਦਾ ਇੱਕ ਅਕਸ ਉਨ੍ਹਾਂ ਦੇ ਮਨਾਂ ਵਿੱਚ ਗਹਿਰਾ ਬਿਠਾਇਆ ਜਾ ਰਿਹਾ ਹੈ। ਪਹਿਲਾਂ ਰਾਸ਼ਟਰੀ ਗਾਨ ‘ਜਨ ਗਣ ਮਨ’ ਹੁੰਦਾ ਸੀ, ਫਿਰ ‘ਵੰਦੇ ਮਾਤਰਮ’ ਤੋਂ ਚੱਲਦੇ ਹੋਏ ਹੌਲੀ-ਹੌਲੀ ਦੇਸ਼ ਦੇ ਕੁਝ ਰਾਜਾਂ ਵਿੱਚ ਛੋਟੇ ਬੱਚਿਆਂ ਨੂੰ ਸਵੇਰੇ ਸਕੂਲ ਜਾਂਦੇ ਸਾਰ ‘ਸੂਰੀਆ ਨਮਸਕਾਰ’ ਦੀ ਪ੍ਰਕਿਰਿਆ ਹੇਠੋਂ ਲੰਘਣ ਲਈ ਮਜਬੂਰ ਕੀਤਾ ਜਾਣ ਲੱਗ ਪਿਆ ਹੈ। ਜਿਸ ਰਾਜ ਵਿੱਚ ਕਿਸੇ ਥਾਂ ਮਾਂ-ਬਾਪ ਏਦਾਂ ਦੀ ਨਵੀਂ ਰੀਤ ਉੱਤੇ ਕੋਈ ਇਤਰਾਜ਼ ਕਰਨ ਦੀ ਹਿੰਮਤ ਕਰਦੇ ਹਨ, ਉਨ੍ਹਾਂ ਨੂੰ ‘ਰਾਸ਼ਟਰ ਵਿਰੋਧੀ’ ਕਹਿ ਕੇ ਭੰਡਿਆ ਜਾਂਦਾ ਤੇ ਉਨ੍ਹਾਂ ਦੇ ਬੱਚਿਆਂ ਨੂੰ ਬਾਕੀ ਬੱਚਿਆਂ ਸਾਹਮਣੇ ਜ਼ਲੀਲ ਕੀਤਾ ਜਾਂਦਾ ਹੈ। ਇਸ ਤਰ੍ਹਾਂ ਭਾਰਤ ਨੂੰ ਓਸੇ ਪਾਸੇ ਧੱਕਿਆ ਜਾ ਰਿਹਾ ਹੈ, ਜਿੱਥੇ ਅਗਲੀ ਪੀੜ੍ਹੀ ਆਪਣੇ ਆਪ ਸਿਰਫ ਇੱਕ ਧਰਮ ਤੇ ਇੱਕ ਭਾਸ਼ਾ ਦੀ ਸਰਦਾਰੀ ਮੰਨਣ ਲੱਗ ਪਵੇਗੀ ਤੇ ਜਿਹੜਾ ਭਾਰਤ ਅੱਜ ਤੱਕ ‘ਅਨੇਕਤਾ ਵਿੱਚ ਏਕਤਾ’ ਦਾ ਗੁਲਦਸਤਾ ਹੋਣ ਦਾ ਮਾਣ ਕਰਿਆ ਕਰਦਾ ਸੀ, ਉਹ ਆਪਣਾ ਇਹ ਗੁਣ ਗੁਆਉਣ ਪਿੱਛੋਂ ਓਦਾਂ ਦੇ ਇੱਕ ਹੋਰ ਯੁੱਗ ਵੱਲ ਰਿੜ੍ਹਨ ਲੱਗੇਗਾ, ਜਿੱਥੇ ਵਿਰੋਧੀਆਂ ਦੇ ਕੰਨਾਂ ਵਿੱਚ ਪਿਘਲਾ ਕੇ ਸਿੱਕਾ ਪਾ ਦਿੱਤਾ ਜਾਂਦਾ ਸੀ ਤੇ ਫਿਰ ਉਹ ਨਾ ਤਾਂ ਇੱਕ-ਦੂਸਰੇ ਦੀ ਗੱਲ ਸੁਣ ਸਕਦੇ ਸਨ ਤੇ ਨਾ ਆਪਣੀ ਗੱਲ ਆਪਣਿਆਂ ਨੂੰ ਸੁਣਾ ਸਕਦੇ ਸਨ ਤੇ ਨਾ ਉਸ ਸਮਾਜੀ ਪ੍ਰਬੰਧ ਦੇ ਵਿਰੁੱਧ ਕੁਝ ਕਰਨ ਜੋਗੇ ਰਹਿ ਗਏ ਸਨ।

ਇਨ੍ਹਾਂ ਹਾਲਾਤ ਵਿੱਚ ਪੰਜਾਬ ਦੇ ਲੋਕਾਂ ਨੂੰ ਅਤੇ ਖਾਸ ਤੌਰ ਉੱਤੇ ਉਨ੍ਹਾਂ ਲੋਕਾਂ ਨੂੰ ਸੋਚਣ ਦੀ ਲੋੜ ਹੈ, ਜਿਹੜੇ ਆਪਣੇ ਇਸ ਖਿੱਤੇ ਦੀ, ਇਸ ਦੇ ਵਿਲੱਖਣ ਸੱਭਿਆਚਾਰ ਦੀ ਅਤੇ ਮਾਖਿਉਂ ਮਿੱਠੀ ਬੋਲੀ ਦੀ ਮਹਿਕ ਬਣੀ ਰੱਖਣ ਦੇ ਲਈ ਚਿੰਤਾ ਕਰਨਾ ਫਰਜ਼ ਵੀ ਸਮਝਦੇ ਹਨ ਤੇ ਹੱਕ ਵੀ। ਇਸ ਵਕਤ ਭਾਰਤ ਵਿੱਚ ਹਿੰਦੀ ਤੋਂ ਬਿਨਾਂ ਸਾਰੀਆਂ ਭਾਸ਼ਾਵਾਂ ਨੂੰ ਹਮਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਉੱਤੇ ਉਹ ਹਿੰਦੀ ਭਾਸ਼ਾ ਲੱਦੀ ਜਾ ਰਹੀ ਹੈ, ਜਿਹੜੀ ਅਸਲ ਵਿੱਚ ਅਸਲੀ ਭਾਸ਼ਾ ਹੈ ਹੀ ਨਹੀਂ, ਉਹ ਮੈਥਿਲੀ, ਅਵਧੀ, ਭੋਜਪੁਰੀ ਨੂੰ ਹੜੱਪ ਕੇ ਹਿੰਦੀ ਦਾ ਉਹ ਰੂਪ ਧਾਰਨਾ ਚਾਹੁੰਦੀ ਹੈ, ਜਿਹੜਾ ਭਾਰਤ ਦੇ ਕਿਸੇ ਵੀ ਦੋ ਰਾਜਾਂ ਵਿੱਚ ਅੱਜ ਤੱਕ ਇੱਕੋ ਜਿਹਾ ਨਹੀਂ ਲੱਭਦਾ। ਭਾਰਤ ਦੇ ਜਿਹੜੇ ਉੱਤਰੀ ਤੇ ਕੇਂਦਰੀ ਹਿੱਸਿਆਂ ਨੂੰ ਹਿੰਦੀ ਭਾਸ਼ੀ ਕਿਹਾ ਜਾਂਦਾ ਹੈ, ਉਨ੍ਹਾਂ ਵਿੱਚੋਂ ਵੀ ਕਿਸੇ ਦੋ ਰਾਜਾਂ ਵਿਚਲੀ ਹਿੰਦੀ ਇੱਕੋ ਜਿਹੀ ਨਹੀਂ, ਹਰ ਥਾਂ ਸਥਾਨਕ ਵਸੋਂ ਆਪਣੇ ਸਥਾਨਕ ਰੰਗ ਵਿੱਚ ਬੋਲਦੀ ਹੈ, ਪਰ ਭਾਰਤ ਦੀ ਕਮਾਨ ਸੰਭਾਲੀ ਬੈਠੀ ਰਾਜਸੀ ਧਿਰ ਅਤੇ ਉਸ ਧਿਰ ਦੀ ਕਮਾਨ ਸੰਭਾਲੀ ਬੈਠੇ ਸੰਗਠਨ ਦੇ ਲੋਕ ਉਹੋ ‘ਹਿੰਦੀ’ ਸਾਰੇ ਭਾਰਤ ਦੇ ਲੋਕਾਂ ਦੇ ਸੰਘ ਵਿੱਚੋਂ ਦੀ ਲੰਘਾਉਣਾ ਲੋਚਦੇ ਹਨ। ਇਹ ਰਾਜਸੀ ਰੰਗ ਦਾ ਹਮਲਾ ਵੀ ਹੈ, ਸੱਭਿਆਚਾਰਕ ਰੰਗ ਦਾ ਵੀ ਅਤੇ ਪੁਰਾਤਨਤਾ ਦੇ ਚੋਲੇ ਪੁਆ ਕੇ ਇੱਕ ਵਾਰ ਫਿਰ ਦੇਸ਼ ਦੇ ਕਰੋੜਾਂ ਲੋਕਾਂ ਨੂੰ ਉਸ ਰਾਜਨੀਤਕ ਢਾਂਚੇ ਵੱਲ ਮੋੜਨ ਦਾ ਲੁਕਵਾਂ ਦਾਅ ਵੀ, ਜਿਸ ਵਿੱਚ ਵਰਣ-ਵੰਡ ਨਾਲ ਇਨਸਾਨੀਅਤ ਨੂੰ ਏਨੀ ਥਾਂ ਵੰਡਿਆ ਜਾਵੇਗਾ ਕਿ ਮਨੁੱਖਵਾਦ ਰੁਲ ਜਾਵੇਗਾ। ਜਦੋਂ ਸੱਭਿਆਚਾਰ, ਜਿਸ ਨੂੰ ਉਹ ‘ਸੰਸਕ੍ਰਿਤੀ’ ਕਹਿੰਦੇ ਹਨ, ਦੇ ਓਹਲੇ ਹੇਠ ਉਹ ਇੱਕ ਸੋਚ ਦਾ ਰੰਗ ਚਾੜ੍ਹਨਾ ਚਾਹੁੰਦੇ ਹਨ ਤਾਂ ਇਸ ਦਾ ਤਜਰਬਾ ਜਿਸ ਭਾਰਤ ਦੇਸ਼ ਵਿੱਚ ਹੋਣਾ ਹੈ, ਪੰਜਾਬ ਤੇ ਪੰਜਾਬੀਅਤ ਵੀ ਉਸੇ ਵਿੱਚ ਹੈ। ਇਸ ਵਰਤਾਰੇ ਦੀ ਚਿੰਤਾ ਅੱਜ ਨਾ ਕੀਤੀ ਤਾਂ ਕਦੇ ਕੀਤੀ ਹੀ ਨਹੀਂ ਜਾ ਸਕਣੀ।



# ਨਵਜੋਤ ਸਿੱਧੂ ਦੀ ਪਤਨੀ ਵੱਲੋਂ ਦੋਸ਼, ਅਧਿਕਾਰੀਆਂ ਦੇ ਤਬਾਦਲਿਆਂ ਲਈ ਆਰੂਸਾ ਆਲਮ ਨੂੰ ਤੋਹਫੇ ਦਿੱਤੇ ਜਾਂਦੇ ਰਹੇ

* ਅਕਾਲੀਆਂ ਉੱਤੇ ਆਰੂਸਾ ਨੂੰ ਹੀਰਿਆਂ ਦੇ ਸੈੱਟ ਦੇਣ ਦਾ ਦੋਸ਼ ਲਾਇਆ

ਅੰਮ੍ਰਿਤਸਰ, 25 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੀ ਪਾਕਿਸਤਾਨੀ ਪੱਤਰਕਾਰ ਦੋਸਤ ਆਰੂਸਾ ਆਲਮ ਦੇ ਸੰਬੰਧਾਂ ਬਾਰੇ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਬਾਅਦ ਕੱਲ੍ਹ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਤੇ ਸਾਬਕਾ ਵਿਧਾਇਕ ਡਾਕਟਰ ਨਵਜੋਤ ਕੌਰ ਸਿੱਧੂ ਨੇ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦੇ ਪੁਲਸ ਵਿਭਾਗ ਵਿੱਚ ਵੱਡੇ ਤਬਾਦਲਿਆਂ ਲਈ ਆਰੂਸਾ ਆਲਮ ਨੂੰ 'ਤੋਹਫੇ ਅਤੇ ਅਟੈਚੀ ਕੇਸ' ਦਿੱਤੇ ਜਾਂਦੇ ਸਨ।



ਕੱਲ੍ਹ ਇੱਥੇ ਆਪਣੇ ਵਿਧਾਨ ਸਭਾ ਹਲਕਾ ਪੂਰਬੀ ਵਿੱਚ ਵਿਕਾਸ ਕਾਰ ਸ਼ੁਰੂ ਕਰਾਉਣਪੁੱਜੇ ਡਾਕਟਰ ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਰੂਸਾ ਆਲਮ ਦੀਆਂ ਸੋਨੀਆ ਗਾਂਧੀ ਦੇ ਨਾਲ ਮਿਲਣ ਦੀਆਂ ਜੋ ਫੋਟੋ ਜਾਰੀ ਕੀਤੀਆਂ ਹਨ, ਉਹ ਓਦੋਂ ਦੀਆਂ ਸਨ, ਜਦੋਂ ਉਹ ਪੱਤਰਕਾਰ ਸੀ ਅਤੇ ਪੱਤਰਕਾਰ ਸਿਆਸੀ ਆਗੂਆਂ ਨੂੰ ਅਕਸਰ ਮਿਲਦੇ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਆਰੂਸਾ ਦੇ ਪੰਜਾਬ ਆਉਣ ਉੱਤੇ ਉਸ ਸਮੇਂ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੂੰ ਕਾਰਵਾਈ ਕਰਨੀ ਚਾਹੀਦੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਪੁਲਸ ਵਿਭਾਗ ਵਿੱਚ ਵੱਡੇ ਅਹੁਦਿਆਂ ਲਈ ਹੁੰਦੇ ਤਬਾਦਲਿਆਂ ਅਤੇ ਨਿਯੁਕਤੀਆਂ ਵਾਸਤੇ ਪਾਕਿਸਤਾਨੀ ਔਰਤ ਨੂੰ 'ਤੋਹਫੇ ਅਤੇ ਅਟੈਚੀ ਕੇਸ' ਦਿੱਤੇ ਜਾਂਦੇ ਸਨ ਅਤੇ ਕੋਈ ਵੀ ਨਵੀਂ ਨਿਯੁਕਤੀ 'ਅਟੈਚੀ ਕੇਸ' ਤੋਂ ਬਿਨਾਂ ਨਹੀਂ ਹੁੰਦੀ ਸੀ। ਬੀਬੀ ਨਵਜੋਤ ਕੌਰ ਸਿੱਧੂ ਨੇ ਇਹ ਗੰਭੀਰ ਦੋਸ਼ ਵੀ ਲਾਇਆ ਕਿ ਅਕਾਲੀ ਆਗੂ ਵੀ ਉਸ ਨੂੰ ਮਿਲਣ ਜਾਣ ਵੇਲੇ ਹੀਰਿਆਂ ਦੇ ਸੈਟ ਲੈ ਕੇ ਜਾਂਦੇ ਸਨ।

## ਦਿਨ ਦਿਹਾੜੇ ਤੇਜ਼ਧਾਰ ਹਥਿਆਰਾਂ ਨਾਲ ਬਜ਼ੁਰਗ ਦਾ ਕਤਲ

ਨਕੋਦਰ, 25 ਅਕਤੂਬਰ (ਪੋਸਟ ਬਿਊਰੋ)- ਥਾਣਾ ਸਦਰ ਦੀ ਚੌਕੀ ਸ਼ੰਕਰ ਵਿਖੇ ਕੱਲ੍ਹ ਦੁਪਹਿਰੇ ਭੇਤਭਰੇ ਹਾਲਾਤ ਵਿੱਚ ਅਣਪਛਾਤੇ ਵਿਅਕਤੀ ਤੇਜ਼ਧਾਰ ਹਥਿਆਰਾਂ ਨਾਲ ਬਜ਼ੁਰਗ ਦਾ ਕਤਲ ਕਰ ਕੇ ਫਰਾਰ ਹੋ ਗਏ। ਮ੍ਰਿਤਕ ਦੀ ਪਛਾਣ ਅਜੀਤ ਸਿੰਘ ਵਜੋਂ ਹੋਈ ਹੈ, ਜੋ ਪਿੰਡ ਵਿੱਚ ਲੱਕੜ ਦੇ ਆਰੇ ਉੱਤੇ ਮਜ਼ਦੂਰੀ ਕਰਦਾ ਸੀ। ਡੀ ਐਸ ਪੀ ਲਖਵਿੰਦਰ ਸਿੰਘ ਮੱਲ ਸਮੇਤ ਪੁਲਸ ਪਾਰਟੀ ਨੇ ਮੌਕੇ ਉੱਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਮ੍ਰਿਤਕ ਦੇ ਪੁੱਤਰ ਗੁਰਦੀਪ ਸਿੰਘ ਉਰਫ ਦੀਪਾ ਨੇ ਦੱਸਿਆ ਕਿ ਦੁਪਹਿਰੇ ਮੈਂ ਆਪਣੇ ਨੌਕਰ ਨਾਲ ਘਰ ਰੋਟੀ ਖਾਣ ਗਿਆ ਸੀ, ਜਦੋਂ ਵਾਪਸ ਆਰੇ ਉੱਤੇ ਪਹੁੰਚਿਆ ਤਾਂ ਮੇਰੇ ਪਿਤਾ ਅਜੀਤ ਸਿੰਘ ਖੂਨ ਨਾਲ ਲਥਪਥ ਹਾਲਤ ਵਿੱਚ ਪਏ ਸਨ। ਉਨ੍ਹਾਂ ਦੇ ਸਰੀਰ ਤੇ ਸਿਰ ਉੱਤੇ ਤੇਜ਼ਧਾਰ ਹਥਿਆਰਾਂ ਨਾਲ ਕਾਫੀ ਵਾਰ ਕੀਤੇ ਗਏ ਸਨ। ਅਸੀਂ ਆਪਣੇ ਪਿਤਾ ਨੂੰ ਇਲਾਜ ਲਈ ਪਹਿਲਾਂ ਸਥਾਨਕ ਪ੍ਰਾਈਵੇਟ ਹਸਪਤਾਲ ਲੈ ਗਏ ਅਤੇ ਹਾਲਾਤ ਗੰਭੀਰ ਹੋਣ ਕਰ ਕੇ ਡਾਕਟਰਾਂ ਨੇ ਉਨ੍ਹਾਂ ਨੂੰ ਜਲੰਧਰ ਰੈਫਰ ਕਰ ਦਿੱਤਾ, ਪਰ ਜਲੰਧਰ ਪਹੁੰਚੇ ਤਾਂ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।ਡੀ ਐਸ ਪੀ ਨਕੋਦਰ ਨੇ ਦੱਸਿਆ ਕਿ ਗੁਰਦੀਪ ਸਿੰਘ ਉਰਫ ਦੀਪਾ ਪਿੰਡ ਸ਼ੰਕਰ ਦੇ ਬਿਆਨਾਂ ਉੱਤੇ ਅਣਪਛਾਤੇ ਵਿਅਕਤੀਆਂ ਖਿਲਾਫ ਥਾਣਾ ਸਦਰ ਨਕੋਦਰ ਵਿਖੇ ਕੇਸ ਦਰਜ ਕੀਤਾ ਗਿਆ ਹੈ। ਪੁਲਸ ਦੀਆਂ ਵੱਖ-ਵੱਖ ਟੀਮਾਂ ਵਾਰਦਾਤ ਦੇ ਨਜ਼ਦੀਕ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਖੰਗਾਲ ਰਹੀਆਂ ਹਨ।

## ਹਨੀ ਟਰੈਪ ਵਿੱਚ ਫਸਿਆ ਭਾਰਤੀ ਫੌਜੀ ਆਈ ਐੱਸ ਆਈ ਦੀ ਮਹਿਲਾ ਅਧਿਕਾਰੀ ਨੂੰ ਸੂਚਨਾ ਭੇਜਦਾ ਰਿਹਾ

ਅੰਮ੍ਰਿਤਸਰ, 25 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਦੀ ਇੱਕ ਮਹਿਲਾ ਅਧਿਕਾਰੀ ਸ਼ਾਦਰਾ ਖਾਨ ਦੇ ਹਨੀ ਟਰੈਪ ਵਿੱਚ ਫਸੇ ਫੌਜੀ ਜਵਾਨ ਕੁਨਾਲ ਕੁਮਾਰ ਨੂੰ ਕੱਲ੍ਹ ਪੰਜਾਬ ਦੇ ਖੁਫੀਆ ਵਿਭਾਗ ਦੇ ਸਟੇਟ ਸਪੈਸ਼ਲ ਆਪਰੇਸ਼ਨ ਸੈਲ ਨੇ ਫਿਰੋਜ਼ਪੁਰ ਕੈਂਟ ਤੋਂ ਗ੍ਰਿਫਤਾਰ ਕੀਤਾ ਹੈ।ਕੁਨਾਲ ਕੁਮਾਰ ਲਗਾਤਾਰ ਪਾਕਿਸਤਾਨ ਨੂੰ ਭਾਰਤੀ ਫੌਜ ਦੇ ਰਾਜ਼ ਭੇਜਦਾ ਰਿਹਾ ਸੀ ਅਤੇ ਆਖਰ ਨੂੰ ਕਾਬੂ ਆ ਗਿਆ।

ਮਿਲੀ ਜਾਣਕਾਰੀ ਅਨੁਸਾਰ ਆਈ ਐਸ ਆਈ ਦੀ ਮਹਿਲਾ ਅਫਸਰ ਸ਼ਾਦਰਾ ਖਾਨ ਨੇ ਸਾਲ 2020 ਵਿੱਚ ਸੋਸ਼ਲ ਨੈਟਵਰਕਿੰਗ ਸਾਈਟ ਉੱਤੇ ਕੁਨਾਲ ਨਾਲ ਸੰਪਰਕ ਕੀਤਾ ਅਤੇ ਉਸ ਨੂੰ ਆਪਣੇ ਹਨੀ ਟਰੈਪ ਵਿੱਚ ਫਸਾ ਲਿਆ। ਗੁਜਰਾਤ ਦੇ ਪੰਚ ਮਹਿਲ ਜ਼ਿਲ੍ਹੇ ਦੇ ਦਮਨੋਦ ਦਾ ਵਸਨੀਕ ਕੁਨਾਲ ਬੀਤੇ ਕਰੀਬ ਡੇਢ ਸਾਲ ਤੋਂ ਭਾਰਤੀ ਫੌਜ ਦੀਆਂ ਗੁਪਤ ਸੂਚਨਾਵਾਂਪਾਕਿਸਤਾਨ ਨੂੰ ਭੇਜਦਾ ਰਿਹਾ ਸੀ। ਉਹ ਸ਼ਾਦਰਾ ਨਾਲ ਲਗਾਤਾਰ ਵਟਸਐਪ ਤੋਂ ਸੰਪਰਕ ਵਿੱਚ ਰਹਿੰਦਾ ਸੀ। ਕੱਲ੍ਹ ਬਾਅਦ ਦੁਪਹਿਰ ਗ੍ਰਿਫਤਾਰ ਕੀਤੇ ਗਏ ਕੁਨਾਲ ਦੇ ਟਿਕਾਣਿਆਂ ਦੀ ਤਲਾਸ਼ੀ ਪਿੱਛੋਂ ਉਸ ਦੇ ਮੋਬਾਈਲ ਨੂੰ ਸਕੈਨ ਕੀਤਾ ਗਿਆ ਅਤੇ ਇਸ ਗੱਲ ਦਾ ਪਤਾ ਲਾਇਆ ਜਾ ਰਿਹਾ ਹੈ ਕਿ ਅੱਜ ਤੱਕ ਉਹ ਆਈ ਐਸ ਆਈ ਨੂੰ ਕੀ-ਕੀ ਜਾਣਕਾਰੀ ਭੇਜ ਚੁੱਕਾ ਹੈ।ਸਟੇਟ ਸਪੈਸ਼ਲ ਆਪਰੇਸ਼ਨ ਸੈਲ ਦੇ ਅਧਿਕਾਰੀ ਦਾ ਕਹਿਣਾ ਹੈ ਕਿ ਕੁਨਾਲ ਨੂੰ ਫਿਰੋਜ਼ਪੁਰ ਕੈਂਟ ਤੋਂ ਗ੍ਰਿਫਤਾਰ ਕਰ ਕੇ ਅੰਮ੍ਰਿਤਸਰ ਲਿਆਂਦਾ ਗਿਆ ਹੈ ਅਤੇ ਉਸ ਕੋਲੋਂ ਜਾਂਚ ਕੀਤੀ ਜਾ ਰਹੀ ਹੈ।

## ਸੜਕ ਹਾਦਸੇ ਵਿੱਚ ਕਬੱਡੀ ਖਿਡਾਰੀ ਦੀ ਮੌਤ, 4 ਗੰਭੀਰ ਜ਼ਖਮੀ

ਸ਼ੰਭੂ, 25 ਅਕਤੂਬਰ (ਪੋਸਟ ਬਿਊਰੋ)- ਪਿੰਡ ਘੱਗਰ ਸਰਾਏ ਨੇੜੇਕੱਲ੍ਹ ਰਾਤ ਸੜਕ ਹਾਦਸੇ ਵਿੱਚ ਕਾਰ ਸਵਾਰ ਕਬੱਡੀ ਖਿਡਾਰੀ ਜਸਪ੍ਰੀਤ ਸਿੰਘ (27) ਦੀ ਮੌਤ ਹੋ ਗਈ ਤੇ ਉਸ ਨਾਲ ਕਾਰ ਵਿੱਚ ਬੈਠੇ ਚਾਰ ਹੋਰ ਵਿਅਕਤੀ ਗੰਭੀਰ ਜ਼ਖਮੀ ਹੋ ਗਏ ਹਨ, ਜਿਨ੍ਹਾਂ ਨੂੰ ਇਲਾਜ ਲਈ ਚੰਡੀਗੜ੍ਹ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।




ਮਿਲੀ ਜਾਣਕਾਰੀ ਅਨੁਸਾਰ ਜਸਪ੍ਰੀਤ ਆਪਣੇ4 ਸਾਥੀਆਂ ਨਾਲ ਪਿੰਡ ਸੰਧਾਰਸੀ ਤੋਂ ਰਾਜਪੁਰਾ ਆ ਰਿਹਾ ਸੀ। ਜਦੋਂ ਕਾਰ ਨੈਸ਼ਨਲ ਹਾਈਵੇ ਨੰਬਰ 44 ਉੱਤੇਪਿੰਡ ਘੱਗਰ ਸਰਾਏ ਨੇੜੇ ਪਹੁੰਚੀ ਤਾਂ ਟਰੱਕ ਚਾਲਕ ਨੇ ਕਾਰ ਨੂੰ ਟੱਕਰ ਮਾਰ ਦਿੱਤੀ। ਹਾਦਸੇ ਦੌਰਾਨ ਕਾਰ ਸਵਾਰ ਚਾਰ ਜਣੇ ਗੰਭੀਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਸਥਾਨਕ ਸਿਵਲ ਹਸਪਤਾਲ ਲਿਆਂਦਾ ਗਿਆ। ਡਾਕਟਰਾਂ ਨੇ ਜਸਪ੍ਰੀਤ ਨੂੰ ਮ੍ਰਿਤਕ ਐਲਾਨ ਦਿੱਤਾ, ਜਦ ਕਿ ਬਾਕੀ ਹੋਰ ਕਾਰ ਸਵਾਰ ਗੁਰਪ੍ਰੀਤ ਸਿੰਘ ਸੰਧਾਰਸੀ, ਰਮਨਪ੍ਰੀਤ ਸਿੰਘ ਪਿੰਡ ਸਰਾਲਾ ਖੁਰਦ, ਅੰਗਰੇਜ਼ ਸਿੰਘ ਵਾਸੀ ਸਰਾਲਾ ਖੁਰਦ ਤੇ ਅੰਮ੍ਰਿਤਪਾਲ ਸਿੰਘ ਪਿੰਡ ਜੱਬੋਮਾਜਰਾ ਨੂੰ ਚੰਡੀਗੜ੍ਹ ਦੇ ਪੀ ਜੀ ਆਈ ਹਸਪਤਾਲ ਰੈਫਰ ਕਰ ਦਿੱਤਾ।

ਇਸੇ ਤਰ੍ਹਾਂ ਇੱਕ ਹੋਰ ਹਾਦਸੇ ਵਿੱਚ ਟਰੱਕ ਯੂਨੀਅਨ ਦਿੜ੍ਹਬਾ ਨੇੜੇ ਬੇਕਾਬੂ ਟਰੱਕ ਚਾਲਕ ਨੇ ਦੋ ਵਿਅਕਤੀਆਂ ਨੂੰ ਕੁਚਲ ਦਿੱਤਾ। ਪੁਲਸ ਨੇ ਟਰੱਕ ਡਰਾਈਵਰ ਵਿਰੁੱਧ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮੁੱਖ ਥਾਣਾ ਅਫਸਰ ਇੰਸਪੈਕਟਰ ਇੰਦਰਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਚਮਕੌਰ ਸਿੰਘ ਨੇ ਬਿਆਨ ਦਿੱਤੇ ਹਨ ਕਿ ਟਰੱਕ ਯੂਨੀਅਨ ਨੇੜੇ ਅਚਾਨਕ ਇਕ ਟਰੱਕ ਨੇ ਤੇਜ਼ੀ ਨਾਲ ਬੇਕਾਬੂ ਹੋ ਕੇਉਸ ਦੇ ਪਿਤਾ ਹਰਮੇਲ ਸਿੰਘ (62) ਤੇ ਰਾਜਾ ਸਿੰਘ (45) ਨੂੰ ਲਪੇਟ ਵਿੱਚ ਲੈ ਲਿਆ ਅਤੇ ਹੋਰ ਨੇੜੇ ਖੜ੍ਹੇ ਲੋਕਾਂ ਨੇ ਭੱਜ ਕੇ ਜਾਨ ਬਚਾਈ। ਦੋਵਾਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਸੁਨਾਮ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਦੋਵਾਂ ਦੀ ਮੌਤ ਹੋ ਗਈ। ਟਰੱਕ ਡਰਾਈਵਰ ਫਰਾਰ ਹੋ ਗਿਆ।

## ਲਖਬੀਰ ਸਿੰਘ ਕਤਲ ਕੇਸ ਮਾਮਲੇ ਵਿਚ ਵਿਸ਼ੇਸ਼ ਜਾਂਚ ਟੀਮ ਵੱਲੋਂ ਮ੍ਰਿਤਕ ਦੇ ਪਰਵਾਰ ਕੋਲੋਂ ਪੁੱਛਗਿੱਛ



ਝਬਾਲ, 25 ਅਕਤੂਬਰ (ਪੋਸਟ ਬਿਊਰੋ)- ਪਿਛਲੇ ਦਿਨੀਂ ਦਿੱਲੀ ਦੇ ਸਿੰਘੂ ਬਾਰਡਰ ਉੱਤੇ ਨਿਹੰਗ ਸਿੰਘਾਂ ਵੱਲੋਂ ਬੇਅਦਬੀ ਦੇ ਦੋਸ਼ ਲਾ ਕੇ ਮਾਰ ਦਿੱਤੇ ਗਏ ਤਰਨ ਤਾਰਨ ਜ਼ਿਲੇ ਦੇ ਪਿੰਡ ਚੀਮਾ ਖੁਰਦ ਦੇ ਲਖਬੀਰ ਸਿੰਘ ਦੇ ਕਤਲ ਦੀ ਸਾਜ਼ਿਸ਼ ਦਾ ਪਤਾ ਲਾਉਣ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਵਿੱਚ ਡੀ ਜੀ ਪੀ ਵਰਿੰਦਰ ਕੁਮਾਰ ਦੀ ਅਗਵਾਈ ਹੇਠ ਡੀ ਆਈ ਜੀ ਫਿਰੋਜ਼ਪੁਰ ਰੇਂਜ ਇੰਦਰਬੀਰ ਸਿੰਘ ਅਤੇ ਐਸ ਐਸ ਪੀ ਤਰਨ ਤਾਰਨ ਐਚ ਐਸ ਵਿਰਕ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਇਹ ਐੱਸ ਆਈ ਟੀ ਕੱਲ੍ਹ ਜਾਂਚ ਕਰਨ ਲਈ ਲਖਬੀਰ ਸਿੰਘ ਦੇ ਘਰ ਪਹੁੰਚੀ ਅਤੇ ਪਰਵਾਰ ਅਤੇ ਪਿੰਡ ਵਾਸੀਆਂ ਤੋਂ ਪੁੱਛ ਪੜਤਾਲ ਕੀਤੀ। ਇਸ ਮੌਕੇ ਏ ਡੀ ਜੀ ਪੀ ਵਰਿੰਦਰ ਕੁਮਾਰ ਨੇ ਦੱਸਿਆ ਕਿ ਪੁਲਸ ਲਖਬੀਰ ਸਿੰਘ ਕਤਲ ਕੇਸ ਵਿੱਚ ਹਰ ਪਹਿਲੂ ਤੋਂ ਜਾਂਚ ਕਰ ਰਹੀ ਹੈ ਅਤੇ ਬੜੀ ਜਲਦੀ ਇਸ ਕੇਸ ਨੂੰ ਹੱਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇ ਮ੍ਰਿਤਕ ਲਖਬੀਰ ਸਿੰਘ ਨੂੰ ਸਾਜ਼ਿਸ਼ ਤਹਿਤ ਮਾਰਿਆ ਗਿਆ ਹੈ ਤਾਂ ਸਾਰਾ ਮਾਮਲਾ ਸਾਫ ਹੋਣਾ ਚਾਹੀਦਾ ਹੈ।

## ਖੁਦਕੁਸ਼ੀ ਕਰਨ ਵਾਲੀਆਂ 3 ਜਣੀਆਂ ਵਿੱਚੋਂ ਇਲਾਜ ਦੌਰਾਨ ਮਾਂ-ਧੀ ਦੀ ਮੌਤ

ਕਪੂਰਥਲਾ, 25 ਅਕਤੂਬਰ (ਪੋਸਟ ਬਿਊਰੋ)- ਥਾਣਾ ਸੁਲਤਾਨਪੁਰ ਲੋਧੀ ਹੇਠਲੇ ਆਰ ਸੀ ਐਫ ਨੇੜੇ ਪੈਂਦੇ ਬਾਬਾ ਦੀਪ ਸਿੰਘ ਨਗਰ ਦੇ ਇੱਕ ਐਨ ਆਰ ਆਈ ਦੀ ਪਤਨੀ ਨੇ ਪਰਸੋਂ ਦੋ ਧੀਆਂ ਸਣੇ ਜ਼ਹਿਰੀਲੀ ਚੀਜ਼ ਨਿਗਲ ਲਈ ਸੀ, ਜਿਸ ਦੇ ਬਾਅਦ ਸਿਵਲ ਹਸਪਤਾਲ ਵਿੱਚ ਇਲਾਜ ਦੌਰਾਨ ਛੋਟੀ ਧੀ ਦੀ ਮੌਤ ਹੋ ਗਈ, ਜਦ ਕਿ ਵੱਡੀ ਧੀ ਦੀ ਸਿਹਤ ਵਿੱਚ ਸੁਧਾਰ ਹੋਣ ਕਾਰਨ ਉਸ ਨੂੰ ਛੁੱਟੀ ਦੇ ਦਿੱਤੀ ਗਈ ਸੀ। ਔਰਤ ਦੀ ਹਾਲਤ ਵਿੱਚ ਸੁਧਾਰ ਨਾ



ਹੋਣ ਕਾਰਨ ਉਸ ਨੂੰ ਜਲੰਧਰ ਦੇ ਨਿੱਜੀ ਹਸਪਤਾਲ ਵਿੱਚ ਭੇਜਿਆ ਸੀ, ਪਰ ਉਥੇ ਉਸ ਦੀ ਵੀ ਮੌਤ ਹੋ ਗਈ ਹੈ। ਮ੍ਰਿਤਕ ਔਰਤ ਦੀ ਪਛਾਣ 37 ਸਾਲਾ ਦਲਜੀਤ ਕੌਰ ਤੇ ਉਸ ਦੀ ਛੇ ਸਾਲਾ ਧੀ ਹਰਮਨਪ੍ਰੀਤ ਕੌਰ ਵਜੋਂ ਹੋਈ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca



KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best




CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'
EXCLUSIVE FOR SALE IN WOODSTOCK



FOR SALE
EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'

3+1 bdrms with finished Basement




Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਤੋਮਰ ਦਾ ਨਵਾਂ ਸ਼ੋਸ਼ਾ, ਬਹੁਤੇ ਕਿਸਾਨ ਤੇ ਜਥੇਬੰਦੀਆਂ ਖੇਤੀ ਕਾਨੂੰਨਾਂ ਦੇ ਪੱਖ ਵਿੱਚ



ਭੋਪਾਲ, 25 ਅਕਤੂਬਰ (ਪੋਸਟ ਬਿਊਰੋ)- ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਹੈ ਕਿ ਬਹੁਤੇ ਕਿਸਾਨ ਤੇ ਉਨ੍ਹਾਂ ਦੀਆਂ ਜਥੇਬੰਦੀਆਂ ਕੇਂਦਰ ਸਰਕਾਰ ਵੱਲੋਂ ਬਣਾਏ ਤਿੰਨਾਂ ਖੇਤੀ ਕਾਨੂੰਨਾਂ ਦਾ ਸਮਰਥਨ ਕਰਦੀਆਂ ਹਨ। ਉਨ੍ਹਾ ਕਿਹਾ ਕਿ ਖੇਤੀ ਕਾਨੂੰਨ ਕਿਸਾਨਾਂ ਦੀ ਭਲਾਈ ਲਈ ਬਣਾਏ ਹਨ, ਕੁਝ ਲੋਕਾਂ ਦੀ ਰਾਏ ਵੱਖਰੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਕੁਝ ਕਿਸਾਨ ਸੰਗਠਨਾਂ ਨੇ ਕਿਸਾਨ ਅੰਦੋਲਨ ਛੱਡ ਦਿੱਤਾ ਹੈ ਤੇ ਇਹ ਹੌਲੀ-ਹੌਲੀ ਖਤਮ ਹੋ ਜਾਵੇਗਾ। ਸਰਕਾਰ ਨੇ ਪੂਰੀ ਸੰਵੇਦਨਸ਼ੀਲਤਾ ਨਾਲ ਪਹਿਲਾਂ ਉਨ੍ਹਾਂ ਨਾਲ ਇਸ ਮੁੱਦੇ ਉਤੇ ਵਿਚਾਰ ਚਰਚਾ ਕਰ ਲਈ ਹੈ ਤੇ ਭਵਿੱਖ ਵਿੱਚ ਜਦ ਵੀ ਉਹ ਕੋਈ ਤਜਵੀਜ਼ ਲੈ ਕੇ ਆਉਂਦੇ ਹਨ ਤਾਂ ਕੇਂਦਰ ਜ਼ਰੂਰ ਵਿਚਾਰ ਕਰੇਗਾ।

ਇਸ ਮੌਕੇ ਡੇ ਏ ਪੀ ਖਾਦ ਦੀ ਕਮੀ ਬਾਰੇ ਪੁੱਛੇ ਜਾਣ ਉੱਤੇਖੇਤੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਕਿਹਾ ਕਿ ਇਸ ਦੀ ਹਲਕੀ ਜਿਹੀ ਕਮੀ ਹੈ, ਕਿਉਂਕਿ ਇਹ ਇੰਪੋਰਟ ਕੀਤੀ ਜਾਂਦੀ ਹੈ ਤੇ ਕੀਮਤ ਵੀ ਵਧ ਗਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸਬਸਿਡੀ ਦੇ ਰਹੀ ਹੈ ਤਾਂ ਕਿ ਕਿਸਾਨਾਂ ਉਤੇ ਬੋਝ ਨਾ ਪਏ। ਗੁਡੀਖੇਡਾ ਅਤੇ ਪੰਧਨਾਂ ਵਿੱਚ ਚੋਣ ਪ੍ਰਚਾਰ ਲਈ ਜਾਣ ਤੋਂ ਪਹਿਲਾਂ ਭੋਪਾਲ ਵਿੱਚ ਮੀਡੀਆ ਨਾਲ ਗੱਲਬਾਤ ਦੌਰਾਨ ਤੋਮਰ ਨੇ ਕਿਹਾ ਕਿ ਪਿਛਲੇ ਸੀਜ਼ਨ ਵਿੱਚ ਜਦ ਡੀ ਏ ਪੀ ਦਾ ਭਾਅ ਵਧ ਗਿਆ ਸੀ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡੀ ਏ ਪੀ ਖਾਦ ਦੇ ਹਰ ਬੋਰੇ ਉਤੇ 1200 ਰੁਪਏ ਸਬਸਿਡੀ ਦੇਣ ਦਾ ਫੈਸਲਾ ਕੀਤਾ ਸੀ। ਅੱਜਕੱਲ੍ਹ ਇਸ ਦਾ ਮੁੱਲ ਕੌਮਾਂਤਰੀ ਪੱਧਰ ਉਤੇ ਵਧ ਗਿਆ ਹੈ। ਇਸ ਲਈ 1650 ਰੁਪਏ ਪ੍ਰਤੀ ਬੈਗ ਸਬਸਿਡੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਡੀ ਏ ਪੀ ਉਪਲਬਧ ਕਰਵਾਈ ਜਾਵੇਗੀ ਤੇ ਸਪਲਾਈ ਦਿੱਤੀ ਜਾਵੇਗੀ, ਪਰ ਕਿਸਾਨਾਂ ਨੂੰ ਹੋਰ ਬਦਲ ਵੀ ਦੇਖਣੇ ਪੈਣਗੇ।

## ਸੰਯੁਕਤ ਕਿਸਾਨ ਮੋਰਚੇ ਵੱਲੋਂ ਤੋਮਰ ਦੇ ਬਿਆਨ ਦੀ ਨਿਖੇਧੀ

ਨਵੀਂ ਦਿੱਲੀ, 25 ਅਕਤੂਬਰ (ਪੋਸਟ ਬਿਊਰੋ)- ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਕਿ ਕੇਂਦਰੀ ਮੰਤਰੀ ਨਰਿੰਦਰ ਤੋਮਰ ਦੇ ਦਿੱਤੇ ਬਿਆਨ ਤੋਂ ਸਾਬਤ ਹੋ ਗਿਆ ਹੈ ਕਿ ਕੇਂਦਰ ਸਰਕਾਰ ਕਿਸਾਨ ਮੋਰਚਿਆਂ ਨੂੰ ਲੰਬਾ ਖਿਚਣਾ ਚਾਹੁੰਦੀ ਹੈ, ਇਸੇ ਲਈ ਤੋਮਰ ਨੇ ਅੰਦੋਲਨ ਦੇ ਹੌਲੀ-ਹੌਲੀ ਖਤਮ ਹੋਣ ਦੀ ਗੱਲ ਕੀਤੀ ਹੈ।

ਮੋਰਚੇ ਅਨੁਸਾਰ ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਨਰਿੰਦਰ ਤੋਮਰ ਨੇ ਮੱਧ ਪ੍ਰਦੇਸ਼ ਦੇ ਸਤਨਾ ਵਿੱਚ ਕਿਹਾ ਹੈ ਕਿ ਕੁਝ ਕਿਸਾਨ ਸੰਗਠਨਾਂ ਨੇ ਕਿਸਾਨ ਅੰਦੋਲਨ ਛੱਡ ਦਿੱਤਾ ਹੈ ਤੇ ਇਹ ਹੌਲੀ-ਹੌਲੀ ਖਤਮ ਹੋ ਜਾਵੇਗਾ। ਇਸ ਦੇ ਬਾਅਦ ਮੋਰਚੇ ਦਾ ਕਹਿਣਾ ਹੈ ਕਿ ਮੰਤਰੀ ਦੀ ਇਹ ਸੋਚ ਬਿਲਕੁਲ ਉਹੀ ਰਣਨੀਤੀ ਹੈ, ਜੋ ਮੋਦੀ ਸਰਕਾਰ ਵੱਲੋਂ ਚੱਲ ਰਹੇ ਅੰਦੋਲਨ ਵੱਲ ਅਪਣਾਈ ਜਾ ਰਹੀ ਹੈ, ਜਿੱਥੇ 22 ਜਨਵਰੀ 2021 ਨੂੰ ਰਸਮੀ ਗੱਲਬਾਤ ਰੁਕ ਗਈ ਹੈ। ਸੰਯੁਕਤ ਕਿਸਾਨ ਮੋਰਚੇ ਨੇ ਦਾਅਵਾ ਕੀਤਾ ਕਿ ਦਿੱਲੀ ਦੇ ਬਾਰਡਰਾਂ ਉੱਤੇ 11 ਮਹੀਨੇ ਪੂਰੇ ਹੋਣ ਨੇੜੇ ਪੁੱਜਾ ਕਿਸਾਨ ਅੰਦੋਲਨ ਪਹਿਲਾਂ ਤੋਂ ਵੱਧ ਮਜ਼ਬੂਤ ਹੈ। ਇਸ ਮੋਰਚੇ ਦੇ ਆਗੂਆਂ ਨੇ ਮੋਦੀ ਸਰਕਾਰ ਦੇ ਇਸ ਮੰਤਰੀ ਤੇ ਹੋਰਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਲੋਕਤੰਤਰ ਵਿੱਚ ਕੋਈ ਵੀ ਚੁਣੀ ਹੋਈ ਸਰਕਾਰ ਮਜ਼ਦੂਰਾਂ ਅਤੇ ਨਾਗਰਿਕਾਂ ਦੀ ਸਭ ਤੋਂ ਵੱਡੀ ਸ਼੍ਰੇਣੀ ਦੀ ਇਕਜੁੱਟ ਆਵਾਜ਼ ਅਤੇ ਮੰਗਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ, ਖਾਸ ਕਰ ਕੇ ਜਦੋਂ ਅਜਿਹੀਆਂ ਮੰਗਾਂ ਜਾਇਜ਼ ਹੋਣ ਅਤੇ ਰੋਜ਼ੀ-ਰੋਟੀ ਨੂੰ ਨਾ ਪੂਰਾ ਹੋਣ ਵਾਲੇ ਨੁਕਸਾਨ ਦੇ ਸਬੂਤਾਂ ਦੇ ਆਧਾਰ ਉੱਤੇ ਹੋਣ।

# ਪਾਕਿਸਤਾਨ ਝੁਕਿਆ ! ਅਫਗਾਨਿਸਤਾਨ ’ਚ ਹਮਲਿਆਂ ਲਈ ਆਪਣਾ ਏਅਰਸਪੇਸ ਅਮਰੀਕਾ ਨੂੰ ਦੇਵੇਗਾ



ਵਾਸ਼ਿੰਗਟਨ/ਇਸਲਾਮਾਬਾਦ, 25 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਦੀ ਸਰਕਾਰ ਨੇ ਕਿਹਾ ਹੈ ਕਿ ਅਮਰੀਕਾ ਅਫਗਾਨਿਸਤਾਨ ਵਿੱਚ ਫੌਜੀ ਅਤੇ ਖੁਫੀਆ ਮੁਹਿੰਮਾਂ ਲਈ ਪਾਕਿਸਤਾਨ ਦੇ ਹਵਾਈ ਖੇਤਰ ਦੀ ਵਰਤੋਂ ਕਰਨਬਾਰੇ ਰਸਮੀ ਸਮਝੌਤੇ ਦੇ ਨੇੜੇ ਹੈ। ਜਾਣਕਾਰ ਸੂਤਰਾਂ ਨੇ ਦੱਸਿਆ ਕਿ ਪਾਕਿਸਤਾਨ ਨੇ ਅੱਤਵਾਦ ਵਿਰੋਧੀ ਕੋਸ਼ਿਸ਼ਾਂ ਅਤੇ ਭਾਰਤ ਨਾਲ ਸੰਬੰਧਾਂ ਦੇ ਬਦਲੇ ਇੱਕ ਸਮਝੌਤੇ ਉੱਤੇ ਦਸਖਤ ਦੀ ਇੱਛਾ ਪ੍ਰਗਟ ਕੀਤੀ ਹੈ। ਸਮਝੌਤੇ ਨੂੰ ਅਜੇ ਆਖਰੀ ਰੂਪ ਨਹੀਂ ਦਿੱਤਾ ਗਿਆ, ਉਸ ਵਿੱਚ ਬਦਲਾਅ ਹੋ ਸਕਦਾ ਹੈ।

ਪਤਾ ਲੱਗਾ ਹੈ ਕਿ ਅਮਰੀਕਾ ਦਾ ਰਾਸ਼ਟਰਪਤੀ ਭਵਨ, ਵ੍ਹਾਈਟ ਹਾਊਸ ਅਜੇ ਵੀ ਇਹ ਯਕੀਨੀ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਉਹ ਖੁਦ ਅਫਗਾਨਿਸਤਾਨ ਵਿੱਚ ਨਾ ਰਹਿੰਦੇ ਹੋਏ ਵੀ ਇਸਲਾਮਕ ਸਟੇਟ ਤੇ ਹੋਰ ਅੱਤਵਾਦੀ ਗਰੁੱਪਾਂ ਦੇ ਖਿਲਾਫ ਕਾਰਵਾਈ ਕਰ ਸਕੇ, ਜਿਸ ਦੇ ਲਈ ਪਾਕਿਸਤਾਨ ਦੇ ਹਵਾਈ ਖੇਤਰ ਦੀ ਵਰਤੋਂ ਕਰਨ ਲਈ ਰਸਮੀ ਸਮਝੌਤਾ ਕੀਤਾ ਜਾ ਰਿਹਾ ਹੈ। ਦੂਸਰੇ ਪਾਸੇ ਪਾਕਿਸਤਾਨ ਨੇ ਇਸ ਗੱਲ ਦਾ ਖੰਡਨ ਕੀਤਾ ਹੈ।ਸਰਕਾਰੀ ਬੁਲਾਰੇ ਅਸੀਮ ਇਫਤਿਖਾਰ ਅਹਿਮਦ ਨੇ ਕਿਹਾ ਕਿ ਅਜਿਹੀ ਕੋਈ ਗੱਲ ਹੀ ਨਹੀਂ।ਦੱਸਿਆ ਜਾ ਰਿਹਾ ਹੈ ਕਿ ਅਮਰੀਕਾ ਲਈ ਪਾਕਿਸਤਾਨ ਦੇ ਰਸਤੇ ਅਫਗਾਨਿਸਤਾਨ ਵਿੱਚ ਦਾਖਲ ਹੋਣਾ ਆਸਾਨ ਹੋ ਸਕਦਾ ਹੈ। ਇਸ ਨਾਲ ਅਮਰੀਕਾ ਇੱਕ ਵਾਰ ਫਿਰ ਅਮਰੀਕੀ ਨਾਗਰਿਕਾਂ ਅਤੇ ਅਫਗਾਨਿਸਤਾਨ ਵਿਚਲੇ ਹੋਰ ਲੋਕਾਂ ਨੂੰ ਬਾਹਰ ਕੱਢਣ ਲਈ ਉਡਾਣਾਂ ਸ਼ੁਰੂ ਕਰ ਸਕਦਾ ਹੈ।ਅਫਗਾਨਿਸਤਾਨ ਵਿੱਚ ਫੌਜੀ ਹਾਜ਼ਰੀ ਬਣਾਉਣ ਲਈ ਅਮਰੀਕਾ ਪਾਕਿਸਤਾਨ ਦੇ ਇਲਾਵਾ ਉਜ਼ਬੇਕਿਸਤਾਨ, ਤਾਜਿਕਸਤਾਨ ਆਦਿ ਨੂੰ ਵੀ ਬਦਲ ਮੰਨ ਰਿਹਾ ਹੈ, ਪਰ ਇਹ ਦੇਸ਼ ਰੂਸ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੇ।

## ਅਦਾਲਤਾਂ ਅੱਜ ਤੱਕ ਵੀ ਮਾੜੀ ਹਾਲਤ ਵਾਲੀਆਂ ਇਮਾਰਤਾਂ ਵਿੱਚ ਕੰਮ ਕਰ ਰਹੀਆਂ ਨੇ: ਚੀਫ ਜਸਟਿਸ



ਨਵੀਂ ਦਿੱਲੀ, 25 ਅਕਤੂਬਰ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਐਨ ਵੀ ਰਾਮੰਨਾ ਨੇ ਦੇਸ਼ ਵਿੱਚ ਅਦਾਲਤੀ ਇਮਾਰਤਾਂ ਨੂੰ ਜੁਡੀਸ਼ਲ ਅਧਿਕਾਰਾਂ ਦੀ ਸੰਵਿਧਾਨਕ ਗਾਰੰਟੀ ਦੇਣ ਦਾ ਜ਼ਿੰਦਾ ਪ੍ਰਤੀਕ ਦੱਸਦਿਆਂ ਕਿਹਾ ਕਿ ਵੱਖ-ਵੱਖ ਨਤੀਜਿਆਂ ਲਈ ਦੇਸ਼ ਦੇਜੁਡੀਸ਼ਲਸਿਸਟਮਦਾ ਬੁਨਿਆਦੀ ਢਾਂਚਾ ਹੋਰ ਮਜ਼ਬੂਤ ਕਰਨਾ ਜ਼ਰੂਰੀ ਹੈ।ਉਨ੍ਹਾਂ ਬੰਬੇ ਹਾਈ ਕੋਰਟ ਦੀ ਔਰੰਗਾਬਾਦ ਬੈਂਚ ਦੇ ਐਡੀਸ਼ਨਲ ਕੋਰਟ ਕੰਪਲੈਕਸ ਦਾ ਉਦਘਾਟਨ ਕਰਦਿਆਂ ਕਿਹਾ ਕਿ ਭਾਰਤ ਵਿੱਚ ਅੱਜ ਵੀ ਮਾੜੀ ਹਾਲਤ ਵਾਲੀਆਂ ਇਮਾਰਤਾਂ ਵਿੱਚ ਅਦਾਲਤਾਂ ਕੰਮ ਕਰਦੀਆਂ ਹਨ ਤੇ ਇਸ ਕਾਰਨ ਉਨ੍ਹਾਂ ਨੂੰ ਆਪਣੇ ਕੰਮ ਨੂੰ ਅਸਰਦਾਰ ਢੰਗ ਨਾਲ ਕਰਨਾ ਔਖਾ ਹੋ ਜਾਂਦਾ ਹੈ।

ਇਸ ਮੌਕੇ ਚੀਫ ਜਸਟਿਸ ਰਾਮੰਨਾ ਨੇ ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜਿਜੂ ਨੂੰ ਪਾਰਲੀਮੈਂਟ ਦੇ ਅਗਲੇ ਸਰਦ ਰੁੱਤ ਸਮਾਗਮ ਵਿੱਚ ਇੰਡੀਅਨ ਨੈਸ਼ਨਲ ਜੁਡੀਸ਼ਲ ਅਥਾਰਟੀ ਬਣਾਉਣ ਲਈ ਕਿਹਾ। ਜਸਟਿਸ ਰਾਮੰਨਾ ਨੇ ਕਿਹਾ ਕਿ ਦੇਸ਼ ਵਿੱਚ ਅਦਾਲਤਾਂ ਦੀ ਕੁੱਲ ਪ੍ਰਵਾਨਤ ਗਿਣਤੀ 24,280 ਹੈ, ਪਰ ਮੌਜੂਦ ਇਮਾਰਤਾਂਦੀ ਗਿਣਤੀ 20,143 ਹੈ ਅਤੇ ਇਨ੍ਹਾਂ ਵਿੱਚ ਕਿਰਾਏ ਦੀ ਇਮਾਰਤਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਘੱਟੋ-ਘੱਟ 26 ਫੀਸਦੀ ਅਦਾਲਤੀ ਕੰਪਲੈਕਸਾਂ ਵਿੱਚ ਔਰਤਾਂ ਲਈ ਵੱਖ-ਵੱਖ ਟਾਇਲਟ ਦੀ ਸਹੂਲਤ ਵੀ ਨਹੀਂ, ਜਦੋਂ ਕਿ 16 ਫੀਸਦੀ ਅਦਾਲਤਾਂ ਵਿੱਚ ਮਰਦਾਂ ਲਈ ਵੀ ਇਹ ਸਹੂਲਤ ਨਹੀਂ ਹੈ। ਸਿਰਫ 54 ਫੀਸਦੀ ਅਦਾਲਤੀ ਕੰਪਲੈਕਸਾਂ ਵਿੱਚ ਸ਼ੁੱਧ ਪੀਣ ਵਾਲੇ ਪਾਣੀ ਦੀ ਸਹੂਲਤ ਹੈ ਅਤੇ ਸਿਰਫ ਪੰਜ ਫੀਸਦੀ ਅਦਾਲਤੀ ਕੰਪਲੈਕਸਾਂ ਵਿੱਚ ਮੁੱਢਲੀਆਂ ਡਾਕਟਰੀ ਸਹੂਲਤਾਂ ਮੌਜੂਦ ਹਨ। ਚੀਫ ਜਸਟਿਸ ਨੇ ਕਿਹਾ ਕਿ ਸਿਰਫ 32 ਫੀਸਦੀ ਅਦਾਲਤਾਂ ਵਿੱਚ ਵੱਖਰੇ ਰਿਕਾਰਡ ਰੂਮ ਅਤੇ 51 ਫੀਸਦੀ ਅਦਾਲਤੀ ਕੰਪਲੈਕਸਾਂ ਵਿੱਚ ਲਾਇਬਰੇਰੀਆਂ ਹੈ।

## ਭਾਰਤ ਵਾਸੀ ਨੀਰਾ ਟੰਡਨ ਵ੍ਹਾਈਟ ਹਾਊਸ ’ਚ ਸਟਾਫ ਸੈਕਟਰੀ ਬਣੀ



ਵਾਸ਼ਿੰਗਟਨ, 25 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਦੀ ਭਰੋਸੇਯੋਗ ਸਹਿਯੋਗੀ ਮੰਨੀ ਜਾਣ ਵਾਲੀ ਭਾਰਤ ਵੰਸ਼ੀ ਨੀਤੀ ਮਾਹਰ ਨੀਰਾ ਟੰਡਨ ਨੂੰ ਵ੍ਹਾਈਟ ਹਾਊਸ ਦੀ ਸਟਾਫ ਸੈਕਟਰੀ ਲਾਇਆ ਗਿਆ ਹੈ। ਪਰਦੇ ਪਿੱਛੇ ਕੰਮ ਕਰਦੇ ਸਟਾਫ ਸੈਕਟਰੀ ਦੀ ਵ੍ਹਾਈਟ ਹਾਊਸ ਦੇ ਵੇਸਟ ਵਿੰਗ ਵਿੱਚ ਖਾਸ ਭੂਮਿਕਾ ਹੁੰਦੀ ਹੈ। ਉਸ ਦੇ ਰਾਹੀਂ ਸਰਕਾਰ ਦੀ ਪ੍ਰਸ਼ਾਸਨ ਤਕ ਪਹੁੰਚ ਹੁੰਦੀ ਹੈ। ਸਟਾਫ ਸੈਕਟਰੀ ਨੂੰ ਵ੍ਹਾਈਟ ਹਾਊਸ ਵਿੱਚ ਸਭ ਤੋਂ ਸ਼ਕਤੀਸ਼ਾਲੀ ਮੰਨਿਆ ਜਾਂਦਾ ਹੈ। ਇਸ ਨਿਯੁਕਤੀ ਉੱਤੇ ਸੈਨੇਟ ਦੀ ਮੋਹਰ ਦੀ ਜ਼ਰੂਰਤ ਨਹੀਂ ਹੁੰਦੀ।

ਰਿਪੋਰਟ ਮੁਤਾਬਕ ਬਾਇਡੇਨ ਦੀ ਸੀਨੀਅਰ ਸਲਾਹਕਾਰ ਨੀਰਾ ਟੰਡਨ (51) ਨੂੰ ਇਸ ਅਹੁਦੇ ਉੱਤੇ ਸ਼ੁੱਕਰਵਾਰ ਸਵੇਰੇ ਨਿਯੁਕਤ ਕੀਤਾ ਗਿਆ। ਇੱਕ ਅਧਿਕਾਰੀ ਨੇ ਕਿਹਾ, ‘ਟੰਡਨ ਨੂੰ ਨੀਤੀ ਤੇ ਪ੍ਰਬੰਧਕੀ ਖੇਤਰ ਵਿੱਚ ਦੋ ਦਹਾਕਿਆਂ ਤੋਂ ਵੱਧ ਦਾ ਤਜਰਬਾ ਹੈ। ਘਰੇਲੂ, ਆਰਥਿਕ ਤੇ ਰਾਸ਼ਟਰੀ ਸੁਰੱਖਿਆ ਨੀਤੀ ਦੇ ਖੇਤਰ ਵਿੱਚ ਉਨ੍ਹਾਂ ਦਾ ਤਜਰਬਾ ਇਸ ਨਵੀਂ ਭੂਮਿਕਾ ਵਿੱਚ ਲਾਭਦਾਇਕ ਸਾਬਤ ਹੋਵੇਗਾ।’ ਨੀਰਾ ਟੰਡਨ ਨੇ ਅੱਠ ਮਹੀਨੇ ਪਹਿਲਾਂ ਰਿਪ-ਬਲਿਕਨ ਸੈਨੇਟਰਾਂ ਦੇ ਵਿਰੋਧ ਕਾਰਨ ਵ੍ਹਾਈਟ ਹਾਊਸ ਆਫ ਮੈਨੇਜਮੈਂਟ ਐਂਡ ਬਜਟ ਦੇ ਨਿਰਦੇਸ਼ਕ ਦੇ ਅਹੁਦੇ ਲਈ ਨਾਮਜ਼ਦਗੀ ਵਾਪਸ ਲੈ ਲਈ ਸੀ।

ਨੀਰਾ ਟੰਡਨ ਦੀਆਂ ਉਨ੍ਹਾਂ ਇੰਟਰਨੈਟ ਮੀਡੀਆ ਪੋਸਟਾਂ ਤੋਂ ਸੈਨੇਟਰ ਖਫ਼ਾ ਸਨ, ਜੋ ਉਨ੍ਹਾਂ ਨੇ ਪਾਰਲੀਮੈਂਟ ਦੇ ਕੁਝ ਮੈਂਬਰਾਂ ਖਿਲਾਫ ਕੀਤੀਆਂ ਸਨ। ਮਈ ਵਿੱਚ ਹੀ ਟੰਡਨ ਨੂੰ ਵ੍ਹਾਈਟ ਹਾਊਸ ਦਾ ਸੀਨੀਅਰ ਐਡਵਾਈਜ਼ਰ ਨਿਯੁਕਤ ਕੀਤਾ ਗਿਆ ਹੈ। ਉਹ ਡਿਪਾਰਟਮੈਂਟ ਆਫ ਹੈਲਥ ਐਂਡ ਹਿਊਮਨ ਸਰਵਿਸਿਜ਼ ਵਿੱਚ ਸੀਨੀਅਰ ਐਡਵਾਈਜ਼ਰ ਰਹਿ ਚੁੱਕੀ ਹੈ।

## ਮੈਕਸੀਕੋ ਵਿੱਚ ਗੋਲੀਬਾਰੀ, ਹਿਮਾਚਲ ਦੀ ਬਲਾਗਰ ਸਣੇ ਦੋ ਮੌਤਾਂ

ਮੈਕਸੀਕੋ ਸਿਟੀ, 25 ਅਕਤੂਬਰ (ਪੋਸਟ ਬਿਊਰੋ)- ਮੈਕਸੀਕੋ ਦੇ ਕੈਰੀਬੀਅਨ ਤੱਟ ਉੱਤੇ ਤੁਲੂਮ ਰਿਜ਼ਾਰਟ ਵਿੱਚ ਬੀਤੇ ਦਿਨ ਹੋਈ ਗੋਲੀਬਾਰੀ ਵਿੱਚ ਇੱਕ ਭਾਰਤੀ ਮੂਲ ਦੀ ਔਰਤ ਦੀ ਮੌਤ ਹੋ ਗਈ ਹੈ।

ਅਧਿਕਾਰੀਆਂ ਮੁਤਾਬਕ ਔਰਤ ਦੀ ਪਛਾਣ ਅੰਜਲੀ ਰਿਆਤ ਵਜੋਂ ਹੋਈ ਹੈ ਅਤੇ ਉਹ ਕੈਲੀਫੋਰਨੀਆ ਦੇ ਸੈਨਹੋਜ਼ੇ ਵਿੱਚ ਰਹਿੰਦੀ ਸੀ। ਮਿਲੀ ਜਾਣਕਾਰੀ ਮੁਤਾਬਕ ਤੁਲੂਮ ਰਿਜ਼ਾਰਟ ਵਿੱਚ ਡਰੱਗ ਮਾਫੀਆਵਿਚਾਲੇ ਗੋਲੀਬਾਰੀ ਹੋਈ ਸੀ, ਜਿਸ ਵਿੱਚ ਦੋ ਵਿਦੇਸ਼ੀ ਸੈਲਾਨੀਆਂ ਦੀ ਮੌਤ ਹੋਈ ਹੈ। ਇਨ੍ਹਾਂ ਵਿੱਚ ਅੰਜਲੀ ਸ਼ਾਮਲ ਸੀ।ਮੂਲ ਰੂਪ ਵਿੱਚਹਿਮਾਚਲ ਪ੍ਰਦੇਸ਼ ਦੀ ਵਸਨੀਕ ਅੰਜਲੀ ਕੈਲੀਫੋਰਨੀਆ ਵਿੱਚ ਇੱਕ ਟਰੈਵਲ ਬਲਾਗਰ ਸੀ। ਅੰਜਲੀ ਦਾ ਇੰਸਟਾਗਰਾਮ ਪੇਜ ਵੀ ਹੈ ਤੇ ਉਸ ਨੇ ਦੋ ਦਿਨ ਪਹਿਲਾਂ ਤੁਲੂਮ ਵਿੱਚ ਸਮੁੰਦਰ ਦੇ ਕਿਨਾਰੇ ਦੀ ਪੋਸਟ ਪਾਈ ਸੀ।


ਇਸ ਗੋਲੀਬਾਰੀ ਵਿੱਚ ਇੱਕ ਜਰਮਨੀ ਔਰਤ ਜੈਨੀਫਰ ਹੈਨਜੋਲਡ ਦੀ ਵੀ ਮੌਤ ਹੋਈ ਹੈ, ਪਰ ਉਹ ਕਿੱਥੇ ਰਹਿੰਦੀ ਸੀ, ਇਸ ਦੀ ਜਾਣਕਾਰੀ ਹਾਲੇ ਨਹੀਂ ਮਿਲੀ। ਇਸ ਵਾਰਦਾਤ ਵਿੱਚ ਤਿੰਨ ਹੋਰ ਵਿਦੇਸ਼ੀ ਸੈਲਾਨੀ ਗੋਲੀ ਨਾਲ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚ ਦੋ ਜਰਮਨ ਮਰਦ ਤੇ ਇੱਕ ਡੱਚ ਔਰਤ ਸ਼ਾਮਲ ਹਨ। ਪੁਲਸ ਦੇ ਮੁਤਾਬਕ ਦੋ ਧੜਿਆਂ ਵਿੱਚ ਨਸ਼ੀਲੀਆਂ ਦਵਾਈਆਂ ਦੀ ਵਿਕਰੀ ਬਾਰੇ ਵਿਵਾਦ ਹੋਇਆ ਸੀ, ਜਿਹੜਾ ਦੇਖਦੇ ਹੀ ਦੇਖਦੇ ਹਿੰਸਾ ਵਿੱਚ ਬਦਲ ਗਿਆ ਅਤੇ ਗੋਲੀਬਾਰੀ ਸ਼ੁਰੂ ਹੋ ਗਈ। ਇਸੇ ਦੌਰਾਨ ਨਜ਼ਦੀਕੀ ਰੈਸਟੋਰੈਂਟ ਵਿੱਚ ਖਾਣਾ ਖਾ ਰਹੇ ਲੋਕ ਦਹਿਸ਼ਤ ਵਿੱਚ ਆਏ ਤੇ ਗੋਲੀਬਾਰੀ ਦੀ ਲਪੇਟ ਵਿੱਚ ਆਉਣ ਨਾਲ ਜ਼ਖਮੀ ਹੋਏ, ਉਥੇ ਦੋ ਦੀ ਮੌਤ ਹੋ ਗਈ।

## ਵਰੁਣ ਗਾਂਧੀ ਵੱਲੋਂ ਖੇਤੀ ਕਾਨੂੰਨਾਂ ਉਤੇ ਮੁੜ ਵਿਚਾਰ ਦੀ ਅਪੀਲ

ਨਵੀਂ ਦਿੱਲੀ, 25 ਅਕਤੂਬਰ (ਪੋਸਟ ਬਿਊਰੋ)- ਭਾਜਪਾ ਪਾਰਲੀਮੈਂਟ ਮੈਂਬਰ ਵਰੁਣ ਗਾਂਧੀ ਨੇ ਉੱਤਰ ਪ੍ਰਦੇਸ਼ ਦੇ ਕਿਸਾਨ ਵੱਲੋਂ ਆਪਣੀ ਫਸਲ ਸਾੜਨ ਦੀ ਵੀਡੀਓ ਕਲਿਪ ਜਾਰੀ ਕਰਦਿਆਂ ਭਾਰਤ ਸਰਕਾਰ ਤੋਂ ਖੇਤੀਬਾੜੀ ਬਾਰੇ ਨੀਤੀ ਉੱਤੇ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਹੈ। ਟਵਿੱਟਰ ਉੱਤੇਵਰੁਣ ਗਾਂਧੀ ਨੇ ਲਿਖਿਆ ਹੈ, ਜੇ ਅਸੀਂ ਅੰਨਦਾਤੇ ਦੀ ਰਾਖੀ ਨਹੀਂ ਕਰ ਸਕਦੇ ਹਾਂ ਤਾਂ ਇਹ ਇੱਕ ਤਰ੍ਹਾਂ ਸਾਡੇ ਪੂਰੇ ਦੇਸ਼ ਦੀ ਨਾਕਾਮੀ ਹੈ।

ਇਸ ਮੌਕੇ ਵਰੁਣ ਗਾਂਧੀ ਨੇ ਕਿਹਾ ਕਿ ਉਤਰ ਪ੍ਰਦੇਸ਼ ਦਾ ਕਿਸਾਨ ਸਮੋਧ ਸਿੰਘ ਆਪਣੀ ਝੋਨੇ ਦੀ ਫਸਲ ਵੇਚਣ ਲਈ ਪਿਛਲੇ 15 ਦਿਨਾਂ ਤੋਂ ਮੰਡੀਆਂ ਦੇ ਗੇੜੇ ਕੱਢ ਰਿਹਾ ਸੀ। ਜਦੋਂ ਉਸ ਦਾ ਝੋਨਾ ਨਹੀਂ ਵਿਕਿਆ ਤਾਂ ਉਸ ਨੇ ਖਿੱਝ ਕੇ ਫਸਲ ਨੂੰ ਅੱਗ ਲਾ ਦਿੱਤੀ। ਇਹ ਸਿਸਟਮ ਕਿਸਾਨਾਂ ਨੂੰ ਕਿੱਥੇ ਲੈ ਆਇਆ ਹੈ? ਵੇਲੇ ਦੀ ਲੋੜ ਹੈ ਕਿ ਖੇਤੀ ਨੀਤੀ ਉੱਤੇ ਮੁੜ ਵਿਚਾਰ ਕੀਤਾ ਜਾਵੇ।ਵਰੁਣ ਗਾਂਧੀ ਨੇ ਕਿਹਾ ਕਿ ਕਿਸਾਨ ਲਈ ਇਸ ਤੋਂ ਵੱਡੀ ਸਜ਼ਾ ਕੋਈ ਨਹੀਂ ਹੋ ਸਕਦੀ ਕਿ ਉਹ ਆਪਣੀ ਫਸਲ ਨੂੰ ਖੁਦ ਅੱਗ ਲਾ ਦੇਵੇ। ਸਾਨੂੰ ਸਭ ਨੂੰ ਪੜਚੋਲ ਕਰਨੀ ਚਾਹੀਦੀ ਹੈ ਕਿ ਸਿਸਟਮ ਨੇ ਕੋਈ ਗਲਤੀ ਨਾ ਹੋਣ ਦੇ ਬਾਵਜੂਦ ਕਿਸਾਨਾਂ ਨੂੰ ਅਜਿਹੇ ਮੁਕਾਮ ਉੱਤੇ ਪਹੁੰਚਾ ਦਿੱਤਾ ਹੈ। ਜੇ ਅਸੀਂ ਅੰਨਦਾਤੇ ਦੀ ਰੱਖਿਆ ਨਹੀਂ ਕਰ ਸਕਦੇ ਤਾਂ ਇਹ ਸਾਰੇ ਮੁਲਕ ਦੀ ਨਾਕਾਮੀ ਹੈ। ਵਰਨਣ ਯੋਗ ਹੈ ਕਿ ਉਕਤ ਭਾਜਪਾ ਆਗੂ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਕਰ ਰਹੇ ਕਿਸਾਨਾਂ ਦੀ ਲਗਾਤਾਰ ਹਮਾਇਤ ਕਰਦਾ ਆ ਰਿਹਾ ਹੈ।

## ਚੀਨ ਵੱਲੋਂ ਨੇਪਾਲੀ ਜ਼ਮੀਨ ਉਤੇ ਕਬਜ਼ਾ ਕਰ ਕੇ ਘੇਰਾਬੰਦੀ ਸ਼ੁਰੂ



ਕਾਠਮੰਡੂ, 25 ਅਕਤੂਬਰ (ਪੋਸਟ ਬਿਊਰੋ)- ਚੀਨ ਦੋਸਤੀ ਦੇਪਰਦੇ ਵਿੱਚ ਨੇਪਾਲ ਦੀ ਪਿੱਠ ਵਿੱਚ ਛੁਰਾ ਮਾਰ ਰਿਹਾ ਹੈ। ਉਸ ਨੇ ਨੇਪਾਲ ਦੇ ਸਰਹੱਦੀ ਜ਼ਿਲ੍ਹੇ ਹੁਮਲਾ ਵਿੱਚ ਵੜ ਕੇ ਉਥੇ ਕਾਫੀ ਵੱਡੇ ਇਲਾਕੇ ਵਿੱਚ ਤਾਰਬੰਦੀ ਕਰ ਦਿੱਤੀ ਹੈ। ਇਸ ਦੀ ਪੁਸ਼ਟੀ ਨੇਪਾਲ ਦੇ ਗ੍ਰਹਿ ਮੰਤਰਾਲੇ ਵੱਲੋਂ ਇਸ ਬਾਰੇਕਾਇਮ ਕੀਤੀ ਸਟੱਡੀ ਟੀਮ ਦੀ ਰਿਪੋਰਟ ਨਾਲ ਹੋਈ ਹੈ। ਇਸ ਸਟੱਡੀ ਟੀਮ ਨੇ ਪਤਾ ਲਾਇਆ ਕਿ ਚੀਨੀ ਫੌਜੀਆਂ ਨੇ ਨੇਪਾਲ ਦਾ ਕਾਫੀ ਵੱਡਾ ਇਲਾਕਾ ਘੇਰ ਲਿਆ ਹੈ।

ਇਹ ਰਿਪੋਰਟ ਮਿਲਣ ਪਿੱਛੋਂ ਨੇਪਾਲ ਦਾ ਵਿਦੇਸ਼ ਮੰਤਰਾਲਾ ਸਰਗਰਮ ਹੋ ਗਿਆ ਹੈ ਤੇ ਉਸ ਨੇ ਕਾਠਮੰਡੂ ਵਿਚਲੇ ਚੀਨ ਦੇ ਦੂਤਘਰ ਨਾਲ ਗੱਲ ਕੀਤੀ ਹੈ। ਸਟੱਡੀ ਟੀਮ ਦੀ ਅਗਵਾਈ ਕਰ ਰਹੇ ਗ੍ਰਹਿ ਮੰਤਰਾਲੇ ਦੇ ਜਾਇੰਟ ਸੈਕਟਰੀ ਜੈ ਨਾਰਾਇਣ ਆਚਾਰੀਆ ਨੇ ਗ੍ਰਹਿ ਮੰਤਰੀ ਬਾਲਕ੍ਰਿਸ਼ਨ ਨੂੰ ਰਿਪੋਰਟ ਸੌਂਪੀ ਹੈ। ਇਸ ਵਿੱਚ ਸਰਹੱਦੀ ਖੇਤਰ ਦੀਆਂ ਮੁਸ਼ਕਲਾਂ ਦਾ ਵੀ ਜ਼ਿਕਰ ਹੈ। ਹੁਮਲਾ ਤੇ ਕਈ ਹੋਰ ਸਰਹੱਦੀ ਜ਼ਿਲ੍ਹਿਆਂ ਵਿੱਚ ਚੀਨ ਵੱਲੋਂ ਜ਼ਮੀਨ ਉੱਤੇ ਕਬਜ਼ਾ ਕਰਨ ਦਾ ਕੇਸ ਕਈ ਸਾਲਾਂ ਤੋਂ ਚਰਚਾ ਵਿੱਚ ਹੈ। ਵਿਰੋਧੀ ਧਿਰ ਵਜੋਂ ਨੇਪਾਲੀ ਕਾਂਗਰਸ ਨੇ ਹੁਮਲਾ ਵਿੱਚ ਚੀਨੀ ਫੌਜੀਆਂ ਵੱਲੋਂ ਨੇਪਾਲੀ ਜ਼ਮੀਨ ਉੱਤੇ ਕਬਜ਼ਾ ਕਰਨ ਅਤੇ ਸੜਕਾਂ ਬਣਾ ਲੈਣ ਦਾ ਮੁੱਦਾ ਉਠਾਇਆ ਸੀ, ਪਰ ਓਦੋਂ ਕੇ ਪੀ ਸ਼ਰਮਾ ਓਲੀ ਸਰਕਾਰ ਨੇ ਉਸ ਉੱਤੇ ਖਾਸ ਧਿਆਨ ਨਹੀਂ ਦਿੱਤਾ ਸੀ। ਅੱਜਕੱਲ੍ਹ ਨੇਪਾਲ ਵਿੱਚ ਨੇਪਾਲੀ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਹੈ, ਜਿਸ ਨੇ ਚੀਨ ਦੀ ਘੁਸਪੈਠ ਦੀ ਅਸਲੀਅਤ ਜਾਨਣ ਲਈ ਉਚ ਪੱਧਰੀ ਸਟੱਡੀ ਟੀਮ ਬਣਾ ਕੇ ਸਥਿਤੀਰਿਪੋਰਟ ਮੰਗੀ ਸੀ। ਇਸ ਰਿਪੋਰਟ ਮੁਤਾਬਕ ਹੁਮਲਾ ਜ਼ਿਲ੍ਹੇ ਵਿੱਚ ਜਿਸ ਜਗ੍ਹਾਸਰਹੱਦ ਦੀ ਉਲੰਘਣਾ ਕੀਤੀ ਗਈ ਹੈ, ਉਸ ਦਾ ਨਿਰਧਾਰਨ ਦੋਵਾਂ ਦੇਸ਼ਾਂ ਵਿਚਾਲੇ 1963 ਵਿੱਚ ਹੋਇਆ ਸੀ ਤੇ ਸਰਹੱਦ ਦੀ ਨਿਸ਼ਾਨਦੇਹੀ ਕਰਨ ਵਾਲੇ ਖੰਭੇ ਲਗਾਏ ਗਏ ਸਨ।


Century 21
President Realty Inc
Brokerage*
Independently Owned and Operated.



ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ
Jagdish Grewal
Sales Repersentative
Call Now: (416)-970-5005



Sandalwood & Kennedy
ਬਹੁਤ ਹੀ ਖੂਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ੇਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!



Bramalea & Peter Robertson
3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਊਂਟਰ, ਵੂਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.



Bovaird & Royal Orchard
3 ਬੈੱਡਰੂਮ ਟਾਊਨ ਹਾਊਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ



Bovaird & Bramlea Rd
3 +1 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ



Bovaird & Worthington
4 ਬੈੱਡਰੂਮ, ਡੀਟੈਚਡ ਘਰ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਊਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ



Pertosa & WillamsParkway
4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ



Gore & Cotrelle
3 ਬੈੱਡਰੂਮ, ਡੀਟੈਚਡ ਘਰ , 2000 sq.ft ,1 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ



Bovaird & Hwy 410
4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੋਡਰਨ ਕਿਚਨ

(416) 970-5005 www.vipcondonetwork.com
80 Maritime Ontario Blvd #246 Brampton, ON L6S 0E7 Call: 905-488-2100 Fax : 905-488-2101



Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host
Iqbal Mahal
Producer & Host
Serving the South Asian Community Since 1976



jobs! jobs! jobs! jobs! jobs!
HELP WANTED
ਕਾਮਿਆਂ ਦੀ ਲੋੜ
DUNDAS·JAFINE
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

